## ਸਮਰਪਣ



ਧਰਮ ਭਰਾ ਸ਼੍ਰਮਣੋਪਾਸਕ
ਸ਼੍ਰੀ ਪੁਰਸ਼ੋਤਮ ਜੈਨ
ਨੂੰ
31 ਮਾਰਚ, 2017
ਨੂੰ ਸਤਿਕਾਰ ਸਹਿਤ ਭੇਂਟ

– ਰਵਿੰਦਰ ਜੈਨ, ਮਾਲੇਰਕੋਟਲਾ


**26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ**
**ਸੰਯੋਜਿਕਾ ਸਮਿਤੀ ਪੰਜਾਬ**

ਕਲੱਬ ਚੌਂਕ, ਪੁਰਾਣਾ ਬਸ ਸਟੈਂਡ, ਮਹਾਵੀਰ ਸਟਰੀਟ,
ਮਾਲੇਰਕੋਟਲਾ – 148023 (ਸੰਗਰੂਰ)
visit us at : www.jainworld.com
M. 90416-61800


# ਸਮੇਸਾਰ

# SAMAYSAAR




**ਮੂਲ ਲੇਖਕ : ਅਚਾਰਿਆ ਕੁੰਦਕੁੰਦ**

**ਅਨੁਵਾਦਕ :**
**ਪੁਰਸ਼ੋਤਮ ਜੈਨ - ਰਵਿੰਦਰ ਜੈਨ**

# ਸਮੇਸਾਰ

(SAMAYSAAR)

ਮੂਲ ਲੇਖਕ :

ਅਚਾਰਿਆ ਕੁੰਦਕੁੰਦ

ਪੰਜਾਬੀ ਅਨੁਵਾਦਕ :

ਪੁਰਸ਼ੋਤਮ ਜੈਨ – ਰਵਿੰਦਰ ਸਿੰਘ

# ਸਮੇਸਾਰ



# ਸਮਰਪਣ



ਧਰਮ ਭਰਾ ਸ਼੍ਰਮਣੋਪਾਸਕ

ਸ਼੍ਰੀ ਪੁਰਸ਼ੋਤਮ ਜੈਨ

ਨੂੰ

31 ਮਾਰਚ 2017

ਨੂੰ ਭੇਂਟ

– ਰਵਿੰਦਰ ਜੈਨ
ਮਾਲੇਰਕੋਟਲਾ

# ਅਨੁਵਾਦਕਾਂ ਵੱਲੋਂ ਬੇਨਤੀ

ਭਗਵਾਨ ਮਹਾਵੀਰ ਦੀ ਪ੍ਰੰਪਰਾ ਦੇ ਪ੍ਰਮੁੱਖ ਚੇਲਿਆਂ ਵਿੱਚੋਂ ਅਚਾਰਿਆ ਕੁੰਦਕੁੰਦ ਦਾ ਮੁੱਖ ਸਥਾਨ ਹੈ। ਉਨ੍ਹਾਂ ਦਾ ਦਰਜਾ ਦਿਗੰਬਰ ਜੈਨ ਪਰੰਪਰਾ ਵਿੱਚ ਗਨਧਰ ਗੌਤਮ ਤੋਂ ਬਾਅਦ ਲਿਆ ਜਾਂਦਾ ਹੈ। ਅਚਾਰਿਆ ਕੁੰਦਕੁੰਦ ਇੱਕ ਮਹਾਨ ਸਾਹਿਤਕਾਰ ਹਨ। ਜਿਨ੍ਹਾਂ ਨੇ ਦਿਗੰਬਰ ਜੈਨ ਪਰੰਪਰਾ ਨੂੰ ਵਰਤਮਾਨ ਸਰੂਪ ਪ੍ਰਦਾਨ ਕੀਤਾ। ਉਨ੍ਹਾਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। ਉਨ੍ਹਾਂ ਆਪਣੇ ਆਪ ਨੂੰ ਅਚਾਰਿਆ ਭੱਦਰਵਾਹੂ ਦਾ ਚੇਲਾ ਆਖਿਆ ਹੈ। ਭੱਦਰਵਾਹੂ ਨਾਂ ਦੇ ਕਈ ਅਚਾਰਿਆ ਹੋਏ ਹਨ। ਇੱਕ ਭੱਦਰਵਾਹੂ ਮੋਰਿਆ ਸਮਰਾਟ ਚੰਦਰਗੁਪਤ ਦਾ ਗੁਰੂ ਸੀ। ਭੱਦਰਵਾਹੂ ਕਿਹੜਾ ਸੀ ਇਹ ਸਪੱਸ਼ਟ ਨਹੀਂ ਹੈ। ਨੰਦੀ ਸੰਘ ਦੀ ਪਟਾਵਲੀ ਅਨੁਸਾਰ ਕੁੰਦਕੁੰਦ ਅਚਾਰਿਆ ਨੂੰ 106 ਈ: ਵਿੱਚ ਅਚਾਰਿਆ ਪਦ ਮਿਲਿਆ ਸੀ। 158 ਈ: ਵਿੱਚ ਉਨ੍ਹਾਂ ਦੇ ਸਵਰਗਵਾਸ ਹੋਣ ਦੀ ਸੂਚਨਾ ਹੈ। ਅਜਿਹੇ ਹਾਲਾਤ ਵਿੱਚ ਅਨੇਕ ਵਿਦਵਾਨ ਉਨ੍ਹਾਂ ਨੂੰ ਪਹਿਲੀ ਸਦੀ ਦਾ ਅਚਾਰਿਆ ਮੰਨਦੇ ਹਨ।

ਕੁਝ ਬਾਹਰਲੇ ਪ੍ਰਮਾਣ ਵੀ ਮਿਲਦੇ ਹਨ। ਉਨ੍ਹਾਂ ਅਨੁਸਾਰ ਕੁੰਦਕੁੰਦ ਦਾ ਅਸਲ ਨਾਂ ਪਦਮਨੰਦੀ ਸੀ। ਜਿਨ੍ਹਾਂ ਦੇ ਗੁਰੂ ਜਿਨਚੰਦਰ ਸਨ। ਉਨ੍ਹਾਂ ਦੇ ਬਾਬਾ ਮਾਘਨੰਦੀ ਸਨ। ਦੱਖਣ ਭਾਰਤ ਦੇ ਸ਼ਿਲਾਲੇਖਾਂ ਵਿੱਚ ਕੁੰਦਕੁੰਦ ਦਾ ਨਾਮ ਕੌਂਡਕੁੰਦ ਮਿਲਦਾ ਹੈ। ਤਾਮਿਲਨਾਡੂ ਵਿੱਚ ਗੁੰਤਕੁਲ ਦੇ ਕੋਲ ਕੁੰਡਕੁੰਦੀ ਨਾਮ ਦੇ ਪਿੰਡ ਵਿੱਚ ਕੁੰਦਕੁੰਦ ਦਾ ਨਿਵਾਸ ਸਥਾਨ ਤੇ ਤਪ ਸਥਾਨ ਹੈ। ਪ੍ਰਸਿੱਧ ਵਿਦਵਾਨ ਸ੍ਰੀ ਨੱਥੂ ਰਾਮ ਪ੍ਰੇਮੀ ਦਾ ਮੰਨਣਾ ਹੈ ਕਿ ਪਦਮਨੰਦੀ ਨੂੰ ਪਿੰਡ ਦੇ

ਨਾਂ ਤੇ ਕੋਂਡਕੁੰਦ ਕਿਹਾ ਗਿਆ ਹੈ ਜੋ ਅੱਗੇ ਚੱਲ ਕੇ ਕੁੰਦਕੁੰਦ ਹੋ ਗਿਆ।

ਅਚਾਰਿਆ ਕੁੰਦਕੁੰਦ ਅਸਲ ਵਿੱਚ ਸੰਵੇਦਨਾ ਤੇ ਵਿਚਾਰ ਦੇ ਧਨੀ ਕਵੀ ਸਨ। ਉਨ੍ਹਾਂ ਦੀ ਰਚਨਾ ਭਾਵ ਅਤੇ ਅਧਿਆਤਮ 'ਤੇ ਏਕਾਗਰ ਹੈ। ਉਨ੍ਹਾਂ ਦਾ ਸਮੁੱਚਾ ਸਾਹਿਤ ਗਾਥਾ ਛੰਦ ਵਿੱਚ ਬਣਿਆ ਮੁਕਤਕ ਕਾਵਿ ਹੈ। ਇੱਕ ਹੀ ਵਿਸ਼ੇ 'ਤੇ ਇੰਨੇ ਮੁਕਤ ਕਾਵਿ ਦੀ ਰਚਨਾ ਸ਼ਾਇਦ ਹੀ ਸੰਸਾਰ ਵਿੱਚ ਕਿਸੇ ਕਵੀ ਦੇ ਸਾਹਿਤ ਵਿੱਚ ਮਿਲਦੀ ਹੋਵੇ।

ਅਚਾਰਿਆ ਕੁੰਦਕੁੰਦ ਨੇ ਧਰਮ ਸੰਘ ਮੁਖੀ ਹੋਣ ਕਾਰਨ ਉਨ੍ਹਾਂ ਨੂੰ ਧਰਮ ਸੰਘ ਨੂੰ ਇੱਕਮੁੱਠ ਰੱਖਣਾ ਸੀ। ਦੂਸਰੀ ਜ਼ਿੰਮੇਵਾਰੀ ਭਗਵਾਨ ਮਹਾਵੀਰ ਦੇ ਸਿਧਾਂਤ ਤੇ ਦਰਸ਼ਨ ਤੇ ਦਰਸ਼ਨ ਨੂੰ ਆਮ ਲੋਕਾਂ ਵਿੱਚ ਸਰਲਤਾ ਨਾਲ ਸਮਝਾਉਣਾ ਸੀ। ਦੋਵੇਂ ਜ਼ਿੰਮੇਵਾਰੀਆਂ ਉਨ੍ਹਾਂ ਨੇ ਬਹੁਤ ਹੀ ਉੱਚ-ਪੱਧਰ ਦਾ ਸਾਹਿਤ ਰਚ ਕੇ ਪੂਰੀਆਂ ਕੀਤੀਆਂ।

ਅਚਾਰਿਆ ਕੁੰਦਕੁੰਦ ਨੇ ਬਹੁਤ ਗ੍ਰੰਥਾਂ ਦੀ ਰਚਨਾ ਕੀਤੀ। ਉਨ੍ਹਾਂ ਵਿੱਚ ਪ੍ਰਸਿੱਧ ਗ੍ਰੰਥ **ਸਮੇਸਾਰ** ਹੈ। ਸਮੇਂ ਦਾ ਭਾਵ ਹੈ ਆਤਮਾ ਦਾ ਸਾਰ। ਆਤਮਾ ਤੱਤਵ ਦਾ ਸੂਖਮ ਵਿਵੇਚਨ ਉਨ੍ਹਾਂ ਬੜੇ ਸੁੰਦਰ ਤੇ ਮਨੋਵਿਗਿਆਨਿਕ ਢੰਗ ਨਾਲ ਕੀਤਾ। ਇਸ ਗ੍ਰੰਥ ਦਾ ਦੂਸਰਾ ਨਾਂ **ਸਮੇਂ ਪਾਹੁੜ** ਵੀ ਹੈ। ਆਪ ਨੇ 84 ਪਾਹੁੜਾਂ ਦੀ ਰਚਨਾ ਕੀਤੀ। ਅਪਭਰੰਸ਼ ਭਾਸ਼ਾ ਵਿੱਚ ਪਾਹੁੜ ਇੱਕ ਰਚਨਾ ਦਾ ਢੰਗ ਬਣ ਗਿਆ। ਇੱਕ ਹਜ਼ਾਰ ਸਾਲ ਬਾਅਦ ਅੰਮ੍ਰਿਤਚੰਦਰਾਚਾਰਿਆ ਨੇ ਸੰਸਕ੍ਰਿਤ ਵਿੱਚ ਟੀਕਾ ਦੀ ਰਚਨਾ ਕੀਤੀ। ਅੰਮ੍ਰਿਤਚੰਦਰਾਚਾਰਿਆ ਦੀ ਆਤਮਖਿਆਤੀ ਟੀਕਾ ਦੀਆਂ 415 ਗਾਥਾਵਾਂ ਹਨ। ਇਸ ਤੋਂ ਦੋ ਸੌ

ਸਾਲ ਬਾਅਦ ਜੈਸੇਨਾਚਾਰਿਆ ਨੇ ਨੇ ਤਾਤਪਰਿਆ ਵਿਰਤੀ ਟੀਕਾ ਲਿਖੀ। ਜਿਸ ਦੀਆਂ 437 ਗਾਥਾਵਾਂ ਹਨ।

ਰਮਾਇਣ ਦੇ ਤੁਲਸੀਦਾਸ ਦੇ ਸਮਕਾਲੀਨ ਪੰਡਿਤ ਬਨਾਰਸੀ ਦਾਸ ਨੇ ਸਮੇਸਾਰ ਨਾਟਕ ਲਿਖਿਆ। ਜੋ ਅੰਮ੍ਰਿਤਚੰਦਰਾਚਾਰਿਆ ਦੀ ਟੀਕਾ 'ਤੇ ਆਧਾਰਿਤ ਹੈ।

ਇਸ ਤੋਂ ਛੁੱਟ ਅਨੇਕਾਂ ਵਿਦਵਾਨਾਂ ਨੇ ਸਮੇਸਾਰ ਤੇ ਉਪਦੇਸ਼ਾਤਮਿਕ ਸਾਹਿਤ ਦੀ ਰਚਨਾ ਕੀਤੀ ਹੈ। ਕੁੰਦਕੁੰਦ ਦੇ ਸਾਰੇ ਗ੍ਰੰਥ ਪ੍ਰਾਕ੍ਰਿਤ ਭਾਸ਼ਾ ਵਿੱਚ ਹਨ ਜੋ ਉਸ ਸਮੇਂ ਦੀ ਲੋਕ ਭਾਸ਼ਾ ਰਹੀ ਹੋਵੇਗੀ।

ਅਸੀਂ ਵੀ ਇਸ ਮਹਾਨ ਦਿਗੰਬਰ ਗ੍ਰੰਥ ਦਾ ਅਨੁਵਾਦ ਸੰਥਾਰਾ ਸਾਧਿਕਾ ਉਪ-ਪ੍ਰਵਰਤਨੀ ਜੈਨ ਜੋਤੀ ਸਾਧਵੀ ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ ਦੀ ਪ੍ਰਮੁੱਖ ਚੇਲੀ ਪ੍ਰਵਰਤਨੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਪੂਰਾ ਕੀਤਾ। ਅਸੀਂ ਵਿਸ਼ੇਸ਼ ਧੰਨਵਾਦੀ ਹਾਂ ਡਾ. ਜੈ ਕੁਮਾਰ ਜਲਜ ਜੀ ਅਤੇ ਵਿਦਵਾਨ ਮੁਨੀਸ਼ ਮੋਦੀ ਦੇ ਜਿਨ੍ਹਾਂ ਹਰ ਕਦਮ 'ਤੇ ਸਾਡੇ ਅਨੁਵਾਦ ਵਿੱਚ ਸਹਾਇਤਾ ਕੀਤੀ।

ਸ਼੍ਰੀ ਵਿਨੋਦ ਦਰਿਆਪੁਰਕਰ ਪ੍ਰਧਾਨ ਜੈਨ ਵਰਲਡ ਫਾਊਂਡੇਸ਼ਨ ਯੂ.ਐਸ.ਏ. ਦੇ ਵੀ ਧੰਨਵਾਦੀ ਹਾਂ ਜਿਹਨਾਂ ਨੇ ਇਸ ਗ੍ਰੰਥ ਨੂੰ ਆਪਣੀ ਵੈੱਬਸਾਈਟ 'ਤੇ ਥਾਂ ਦਿੱਤੀ। ਹਰ ਗਲਤੀ ਲਈ ਅਸੀਂ ਮੁਆਫ਼ੀ ਚਾਹੁੰਦੇ ਹਾਂ ਅਤੇ ਆਸ ਕਰਦੇ ਹਾਂ ਕਿ ਵਿਦਵਾਨ ਪਾਠਕ ਸਾਨੂੰ ਮੁਆਫ਼ ਕਰਨਗੇ।

**ਮਿਤੀ : 31-03-2017**

**ਅਨੁਵਾਦਕ**

**ਪੁਰਸ਼ੋਤਮ ਜੈਨ - ਰਵਿੰਦਰ ਜੈਨ**

# ਸਮੇਸਾਰ

## ਅਧਿਆਇ – 1

## ਜੀਵ

ਧਰੁਵ, ਅਚਲ ਅਤੇ ਅਨੁਪਮ ਗਤੀ ਭਾਵ ਮੁਕਤੀ ਵਿੱਚ ਬਿਰਾਜਮਾਨ ਸਾਰੇ ਸਿੱਧਾਂ ਨੂੰ ਵੰਦਨਾ ਕਰਕੇ ਮੈਂ ਸ਼ਰੂਤ ਕੇਵਲੀ (ਮਹਾਨ ਗਿਆਨ ਦੇ ਧਾਰਕ) ਰਾਹੀਂ ਫੁਰਮਾਏ ਸਮੇਂ ਪਾਹੁੜ (ਸਮੇਂਸਾਰ) ਨੂੰ ਇਸ ਰਚਨਾ ਵਿੱਚ ਆਖਾਂਗਾ। – 1

ਜੋ ਆਤਮਾ ਦਰਸ਼ਨ (ਸਹੀ ਵਿਸ਼ਵਾਸ) ਗਿਆਨ, ਚਰਿੱਤਰ ਵਿੱਚ ਸਥਿਤ ਹੈ, ਉਹ ਸਵਸਮੇਂ ਹੈ। ਇਸ ਦੇ ਉਲਟ ਜੋ ਪੁਦਗਲ ਦੇ ਕਰਮ ਪ੍ਰਦੇਸ਼ਾਂ ਵਿੱਚ ਸਥਿਤ ਹੈ, ਉਹ ਪਰਸਮੇਂ ਹੈ। – 2

(ਛੇ ਦ੍ਰਵਾਂ ਵਿੱਚੋਂ) ਹਰੇਕ ਦ੍ਰਵ ਆਪਣੇ ਏਕਤਵ ਵਿੱਚ ਹੀ ਸੰਪੂਰਨ ਲੋਕ ਵਿੱਚ ਸ਼ੋਭਾ ਅਤੇ ਪ੍ਰਸੰਸਾ ਪਾਉਂਦਾ ਹੈ। ਕਿਸੇ ਦੂਸਰੇ ਦੇ ਨਾਲ ਉਸ ਦਾ ਏਕਤਵ ਬੰਧਨ ਦੀ ਕਹਾਣੀ ਨਿੰਦਾ ਕਰਾਉਂਦੀ ਹੈ। – 3

ਮਨੁੱਖਾਂ ਦੇ ਕਾਮਭੋਗ ਨਾਲ ਸਬੰਧਤ ਕਥਾਵਾਂ ਤਾਂ ਸੁਣੀਆਂ ਹਨ। ਉਹ ਜਾਣਕਾਰੀ ਅਤੇ ਅਨੁਭਵ ਵਿੱਚ ਵੀ ਆਉਂਦੀਆਂ ਹਨ। ਉਹ ਸੁਲਭ ਵੀ ਹਨ। ਪਰ ਪਰਾਏ ਭਾਵ ਤੋਂ ਵੱਖ ਆਤਮਾ ਦੀ ਕਥਾ ਦੁਰਲਭ ਹੈ। – 4

ਪਰ ਭਾਵ ਤੋਂ ਵੱਖ ਅਤੇ ਏਕਤਵ ਤੋਂ ਮੁਕਤ ਉਸ ਆਤਮਾ ਨੂੰ ਮੈਂ ਆਪਦੀ ਆਤਮਾ ਦੀ ਸੰਪਤੀ ਤੋਂ ਖੁਦ ਨੂੰ ਵਿਖਾਉਂਦਾ ਹਾਂ। ਜੇ ਵਿਖਾ ਸਕਿਆ ਤਾਂ ਉਸ ਦਾ ਪ੍ਰਮਾਣ ਸਵੀਕਾਰ ਕਰਨਾ। ਅਗਰ

ਭੁੱਲ ਗਿਆ ਤਾਂ ਉਸ ਨੂੰ ਪ੍ਰਮਾਣ ਨਾ ਮੰਨਣਾ ਅਤੇ ਧੋਖੇ ਨੂੰ ਗ੍ਰਹਿਣ ਨਾ ਕਰਨਾ। – 5

ਗਾਯਕ (ਗਿਆਨ) ਭਾਵ ਨਾ ਅਪ੍ਰਮਤ (ਆਲਸ ਰਹਿਤ) ਹੈ ਅਤੇ ਨਾ ਪ੍ਰਮੱਤ। ਗਾਯਕ ਭਾਵ ਦੇ ਰਾਹੀਂ ਜਿਸ ਦਾ ਗਿਆਨ ਕੀਤਾ ਜਾਂਦਾ ਹੈ ਉਹ ਵੀ ਕੋਈ ਹੋਰ ਨਹੀਂ, ਗਾਯਕ ਭਾਵ ਹੀ ਹੈ। – 6

ਵਿਵਹਾਰ ਪੱਖੋਂ ਹੀ ਗਿਆਨੀ ਭਾਵ ਆਤਮਾ ਦੇ ਦਰਸ਼ਨ, ਗਿਆਨ, ਚਾਰਿੱਤਰ ਭਾਵ ਆਖੇ ਜਾਂਦੇ ਹਨ ਨਿਸ਼ਚੈ ਤੋਂ ਨਾ ਦਰਸ਼ਨ ਹੈ, ਨਾ ਗਿਆਨ ਹੈ ਅਤੇ ਨਾ ਚਾਰਿੱਤਰ ਹੈ। ਆਤਮਾ ਤਾਂ ਸਿਰਫ਼ ਗਾਯਕ ਭਾਵ ਹੀ ਹੈ ਭਾਵ ਗਿਆਨਵਾਨ ਹੈ, ਇਸ ਲਈ ਸਦਾ ਸ਼ੁੱਧ ਹੈ। – 7

ਜਿਸ ਪ੍ਰਕਾਰ ਅਨਾਰਿਆ (ਦੁਸ਼ਟ) ਮਨੁੱਖ ਨੂੰ ਅਨਾਰਿਆ ਭਾਸ਼ਾ ਤੋਂ ਬਿਨਾਂ ਵਸਤੂ ਦਾ ਸਵਰੂਪ ਨਹੀਂ ਸਮਝਾਇਆ ਜਾ ਸਕਦਾ ਉਸੇ ਪ੍ਰਕਾਰ ਕਿਸੇ ਮਨੁੱਖ ਨੂੰ ਪਰਮਾਰਥ ਦਾ ਉਪਦੇਸ਼ ਵੀ ਬਿਨਾਂ ਵਿਵਹਾਰ ਨਹੀਂ ਸਮਝਾਇਆ ਜਾ ਸਕਦਾ। – 8

ਜੋ ਮਨੁੱਖ ਆਪਣੀ ਸ਼ੁੱਧ ਆਤਮਾ ਦਾ ਦੀਦਾਰ ਸ਼ਰੂਤ ਗਿਆਨ ਰਾਹੀਂ ਕਰਦਾ ਹੈ, ਉਸ ਨੂੰ ਲੋਕ ਦਾ ਚਾਨਣ ਕਰਨ ਵਾਲੇ ਰਿਸ਼ੀ ਸ਼ਰੂਤ ਕੇਵਲੀ ਆਖਦੇ ਹਨ। – 9

ਜੋ ਮਨੁੱਖ ਸਾਰੇ ਸ਼ਰੂਤ ਗਿਆਨ ਨੂੰ ਜਾਣਦਾ ਹੈ, ਉਸ ਨੂੰ ਜਿਨ ਦੇਵ, ਸ਼ਰੂਤ ਕੇਵਲੀ ਆਖਦੇ ਹਨ। ਕਿਉਂਕਿ ਆਤਮਾ ਹੀ ਅਸ਼ੇਸ਼ (ਬਕਾਏ ਵਾਲਾ) ਗਿਆਨ ਹੈ। – 10

ਵਿਵਾਹਰ ਨਯ ਨੂੰ ਅਸਤਿਆਰਥ (ਅਭੁਤਾਰਥ) ਅਤੇ ਸ਼ੁੱਧ ਨਯ ਨੂੰ ਸਤਿਆਰਥ (ਭੁਤਾਰਥ) ਕਿਹਾ ਗਿਆ ਹੈ ਜੋ ਮਨੁੱਖ ਸਤਿਆਰਥ ਦੇ ਆਸਰੇ ਰਹਿੰਦਾ ਹੈ ਉਹ ਸਮਿਅੱਕ ਦ੍ਰਿਸ਼ਟੀ ਹੈ। – 11

ਜੋ ਮਨੁੱਖ ਪਰਭਾਵ ਦੀ ਅਸਵਥਾ ਵਿੱਚ ਪਹੁੰਚ ਚੁੱਕੇ ਹਨ ਤਾਂ ਸ਼ੁੱਧ ਨਹੀਂ ਰਾਹੀਂ ਉਪਦੇਸ਼ ਦੇ ਪਾਤਰ ਹਨ। ਪਰੰਤੂ ਜੋ ਅਪਰਮਭਾਵ ਵਿੱਚ ਹਨ, ਉਨ੍ਹਾਂ ਨੂੰ ਵਿਵਹਾਰ ਨਯ ਤੋਂ ਉਪਦੇਸ਼ ਦਿੱਤਾ ਜਾਣਾ ਚਾਹੀਦਾ ਹੈ। - 12

ਜੀਵ, ਅਜੀਵ, ਪੁੰਨ, ਪਾਪ, ਆਸ਼ਰਵ, ਸੰਭਰ, ਲਿਰਜਰਾ, ਬੰਧਨ ਤੇ ਮੋਕਸ਼ ਨੂੰ ਸ਼ੁੱਧ ਨਯ ਨਾਲ ਜਾਨਣਾ ਸਮਿਅੱਕਤਵ ਹੈ। - 13

ਜਿਸ ਨਯ ਦੀ ਦ੍ਰਿਸ਼ਟੀ ਤੋਂ ਆਤਮਾ ਬੰਧਨ ਅਤੇ ਪਰਾਏ ਸਪਰਸ਼ ਤੋਂ ਰਹਿਤ, ਅਨੱਯ, ਨਿਅਤ, ਅਵਿਸ਼ੇਸ਼ ਅਤੇ ਅਸੰਯੁਕਤ ਹੈ ਉਸ ਨੂੰ ਸ਼ੁੱਧ ਨਯ ਸਮਝਣਾ ਚਾਹੀਦਾ ਹੈ। - 14

ਜੋ ਮਨੁੱਖ ਆਤਮਾ ਨੂੰ ਅਬੱਧਰਹਿਤ, ਛੋ ਰਹਿਤ ਅਵਿਸ਼ੇਸ਼ ਅਤੇ ਅਸਯੁਕਤ ਸਮਝਦਾ ਹੈ, ਉਸ ਨੂੰ ਹੀ ਦਰਵ ਸ਼ਰੁਤ ਅਤੇ ਭਾਵ ਸ਼ਰੁਤ ਰੂਪੀ ਸੰਪੂਰਨ ਜਿਨ ਸ਼ਾਸਨ ਦਾ ਗਿਆਨ ਹੈ। - 15

ਸਾਧਕ ਨੂੰ ਹਰ ਰੋਜ਼ ਹੀ ਦਰਸ਼ਨ, ਗਿਆਨ ਅਤੇ ਚਾਰਿੱਤਰ ਦੀ ਅਰਾਧਨਾ ਕਰਨੀ ਚਾਹੀਦੀ ਹੈ। ਉਂਞ ਤਾਂ ਇਹ ਤਿੰਨ ਹਨ ਪਰ ਇਨ੍ਹਾਂ ਨੂੰ ਇੱਕ ਅਤੇ ਅਸਲ ਵਿੱਚ ਆਪਣੀ ਆਤਮਾ ਹੀ ਸਮਝਣਾ ਚਾਹੀਦਾ ਹੈ। - 16

ਜਿਸ ਤਰ੍ਹਾਂ ਧਨ ਦਾ ਇੱਛੁਕ ਮਨੁੱਖ ਰਾਜਾ ਦਾ ਪਤਾ ਕਰਦਾ ਹੈ, ਉਸ ਦੇ ਪ੍ਰਤੀ ਸ਼ਰਧਾ ਰੱਖਦਾ ਹੈ, ਸੇਵਾ ਕਰਦਾ ਹੈ, ਉਸੇ ਪ੍ਰਕਾਰ ਮੋਕਸ਼ ਦੀ ਕਾਮਨਾ ਕਰਨ ਵਾਲਾ ਮਨੁੱਖ ਆਤਮਾ ਰੂਪੀ ਰਾਜਾ ਦਾ ਪਤਾ ਲਗਾਵੇ। ਉਸ ਪ੍ਰਤੀ ਸ਼ਰਧਾ ਰੱਖੇ ਅਤੇ ਉਸ ਦੀ ਸੇਵਾ ਕਰੇ। - 17

ਜਦੋਂ ਤੱਕ ਆਤਮਾ ਦੀ ਇਹ ਬੁੱਧੀ ਰਹਿੰਦੀ ਹੈ ਕਿ ਉਹ ਕਰਮ ਵਿੱਚ ਹੈ, ਨੋਕਰਮ ਵਿੱਚ ਹੈ, ਉਹ ਖੁਦ ਕਰਮ ਅਤੇ ਨੌਕਰਮ ਹੈ, ਤਦ ਤੱਕ ਉਹ ਅਗਿਆਨੀ ਹੈ। - 18

ਜਦੋਂ ਤੱਕ ਆਤਮਾ ਦੇ ਅਸੰਭਵ ਵਿਕਲਪਾਂ ਨੂੰ ਕਰਦਾ ਹੋਇਆ, ਕੋਈ ਮਨੁੱਖ ਆਪਣੇ ਤੋਂ ਭਿੰਨ ਸਚਿਤ (ਇਸਤਰੀ, ਪੁੱਤਰ ਆਦਿ) ਅਚਿਤ (ਧਨ, ਸੰਪਤੀ ਆਦਿ) ਅਤੇ ਮਿਸ਼ਰ (ਨਗਰ, ਪਿੰਡ ਆਦਿ) ਪਰਦ੍ਰਵਾਂ ਦੇ ਬਾਰੇ ਵਿੱਚ ਸੋਚਦਾ ਰਹਿੰਦਾ ਹੈ ਕਿ ਮੈਂ ਇਹ ਹਾਂ, ਇਹ ਮੈਂ ਹਾਂ, ਮੈਂ ਇਸ ਦਾ ਹਾਂ, ਇਹ ਮੇਰਾ ਹੈ, ਇਹ ਪਹਿਲਾਂ ਮੇਰਾ ਸੀ, ਮੈਂ ਵੀ ਪਹਿਲਾਂ ਇਸ ਦਾ ਸੀ, ਇਹ ਭਵਿੱਖ ਵਿੱਚ ਮੇਰਾ ਹੋਵੇਗਾ, ਮੈਂ ਵੀ ਭਵਿੱਖ ਵਿੱਚ ਇਸ ਦਾ ਹੋਵਾਂਗਾ, ਤਦ ਤੱਕ ਉਹ ਅਗਿਆਨੀ ਹੈ। ਇਸ ਦੇ ਉਲਟ ਵਸਤੂ ਦੇ ਸਰੂਪ ਦੇ ਸਤਿਆਰਥ (ਸਹੀ ਅਰਥ) ਨੂੰ ਜਾਣਦਾ ਹੋਇਆ ਜੋ ਵਿਅਕਤੀ ਐਸੇ ਅਸੰਭਵ ਵਿਕਲਪਾਂ ਨੂੰ ਨਹੀਂ ਕਰਦਾ, ਉਹ ਗਿਆਨੀ ਹੈ। - 22

ਅਗਿਆਨ ਨਾਲ ਵਿੱਚ ਡੁੱਬੀ ਬੁੱਧੀ ਅਤੇ ਰਾਗ ਦਵੇਸ਼ ਆਦਿ ਭਾਵਾਂ ਦੇ ਵਸ ਹੋ ਕੇ ਬੱਧ (ਸ਼ਰੀਰ ਆਦਿ) ਅਤੇ ਅਬੱਧ (ਧਨ ਅਨਾਜ ਆਦਿ) ਪੁਦਗਲ ਦਰੱਵਾਂ ਨੂੰ ਆਪਣਾ ਕਹਿਣ ਲੱਗਦਾ ਹੈ। - 23

ਜੇ ਤੂੰ ਪੁਦਗਲ ਤਰੱਵ ਨੂੰ ਆਪਦਾ ਆਖਦਾ ਹੈ ਤਾਂ ਮੈਂ ਪੁੱਛਦਾ ਹਾਂ ਜਿਸ ਆਤਮ ਦਰੱਵ ਨੂੰ ਸਰਵੱਗ ਨੇ ਆਪਣੀ ਗਿਆਨ ਦ੍ਰਿਸ਼ਟੀ ਤੋਂ ਨਿੱਤ ਉਪਯੋਗ (ਗਿਆਨ) ਲੱਛਣ ਵਾਲਾ ਮੰਨਿਆ ਹੈ, ਉਸ ਦਾ ਪੁਦਗਲੀਕਰਨ ਕਿਵੇਂ ਹੋ ਸਕਦਾ ਹੈ ? - 24

ਜੇ ਜੀਵ ਦਰੱਵ ਦਾ ਪੁਦਗਲੀਕਰਨ ਭਾਵ ਪੁਦਗਲ ਦਰੱਵ ਦਾ ਜੀਵਕਰਨ ਹੋ ਜਾਵੇ ਤਾਂ ਤੂੰ ਪੁਦਗਲ ਦਰੱਵ ਨੂੰ ਆਪਣਾ ਆਖ ਸਕਦਾ ਹੈ। - 25

ਦੇਹ ਆਤਮਾ ਨਹੀਂ ਹੈ। ਲੇਕਿਨ ਦੇਹਧਾਰੀ ਤੀਰਥੰਕਰਾਂ ਅਤੇ ਅਚਾਰਿਆਂ ਦੀ ਸਤੁਤੀ ਕਰਨ ਨਾਲ (ਜੋ ਅਕਸਰ ਉਨ੍ਹਾਂ ਦੇ ਸਰੀਰ ਦੀ ਸਤੁਤੀ ਹੁੰਦੀ ਹੈ) ਲੋਕਾਂ ਨੂੰ ਇਹ ਭਰਮ ਹੋ ਸਕਦਾ ਹੈ ਕਿ ਦੇਹ ਹੀ ਆਤਮਾ ਹੈ। ਅਜਿਹੇ ਵਿੱਚ ਕੀ ਉਨ੍ਹਾਂ ਦੀ ਸਤੁਤੀ ਨੂੰ ਮਿੱਥਿਆ ਆਖਿਆ ਜਾਣਾ ਚਾਹੀਦਾ ਹੈ ? - 26

(ਅਚਾਰਿਆ ਕੁੰਦਕੁੰਦ ਇਸ ਪ੍ਰਸ਼ਨ ਦਾ ਉੱਤਰ ਗਾਥਾ ਨੰਬਰ 27 ਤੋਂ 30 ਤੱਕ ਦਿੰਦੇ ਹਨ)।

ਵਿਵਹਾਰ ਨਯ ਜ਼ਰੂਰ ਇਹ ਕਹਿ ਸਕਦਾ ਹੈ ਕਿ ਆਤਮਾ ਅਤੇ ਦੇਹ ਇੱਕ ਦਰੱਵ ਹੈ। ਲੇਕਿਨ ਨਿਸ਼ਚੇ ਨਯ ਤੋਂ ਤਾਂ ਆਤਮਾ ਅਤੇ ਦੇਹ ਕਦੇ ਵੀ ਇੱਕ ਦਰੱਵ ਨਹੀਂ ਹੋ ਸਕਦੇ। - 27

ਆਤਮਾ ਤੋਂ ਭਿੰਨ ਇਸ ਪੁਦਗਲ ਦੇਹ ਦੀ ਸਤੁਤੀ ਕਰਕੇ ਜੇਕਰ ਕੋਈ ਮੁਨੀ ਅਜਿਹਾ ਮੰਨਦਾ ਹੈ ਕਿ ਉਸ ਨੇ ਕੇਵਲੀ ਭਗਵਾਨ ਦੀ ਸਤੁਤੀ ਅਤੇ ਵੰਦਨਾਂ ਕੀਤੀ ਹੈ, ਉਹ ਠੀਕ ਨਹੀਂ ਹੈ, ਕਿਉਂਕਿ ਕੇਵਲੀ ਦੇ ਸਰੀਰ ਦੇ ਗੁਣ ਨਹੀਂ ਹੁੰਦੇ। ਅਸਲ ਵਿੱਚ ਕੇਵਲੀ ਦੇ ਗੁਣਾਂ ਦੀ ਸਤੁਤੀ ਕਰਨਾ ਹੀ ਕੇਵਲੀ ਦੀ ਸਤੁਤੀ ਕਰਨਾ ਹੈ। (ਵਿਵਹਾਰ ਨਯ ਤੋਂ ਕੇਵਲੀ ਦੇ ਸਰੀਰ ਦੀ ਸਤੁਤੀ ਨੂੰ ਠੀਕ ਆਖ ਸਕਦੇ ਹਾਂ, ਭਕਤਾਮਰ ਜਿਹੇ ਕਈ ਸਤੋਤਰਾਂ ਵਿੱਚ ਭਗਵਾਨ ਦੇ ਸਰੀਰ ਦੀ ਸਤੁਤੀ ਵੀ ਹੈ)। - 28, 29

ਜਿਸ ਤਰ੍ਹਾਂ ਨਗਰ ਦਾ ਵਰਣਨ ਕਰਨ ਨਾਲ ਰਾਜਾ ਦਾ ਵਰਣਨ ਨਹੀਂ ਹੋ ਜਾਂਦਾ ਉਸੇ ਤਰ੍ਹਾਂ ਕੇਵਲੀ ਦੇ ਸਰੀਰ ਦੀਆਂ ਵਿਸ਼ੇਸ਼ਤਾਵਾਂ ਦਾ ਗੁਣਗਾਨ ਕਰਨ ਨਾਲ ਕੇਵਲੀ ਦੇ ਗੁਣਾਂ ਦਾ ਗੁਣਗਾਨ ਨਹੀਂ ਹੁੰਦਾ। - 30

ਜੋ ਮੁਨੀ ਆਪਣੀਆਂ ਇੰਦਰੀਆਂ ਨੂੰ ਜਿੱਤ ਕੇ ਗਿਆਨ ਸੁਭਾਵ ਤੋਂ ਪੂਰਨ ਾਪਣੀ ਆਤਮਾ ਨੂੰ ਅਨੁਭਵ ਕਰਦਾ ਹੈ, ਉਸ ਨੂੰ

ਨਿਸ਼ਚੈ ਨਯ ਅਰਥਾਤ ਪਰਮਮਾਰਥ ਵਿੱਚ ਸਥਿਤ ਸਾਧੂ ਲੋਕ ਜਿਤਇੰਦਰੀਯ (ਇੰਦਰੀਆਂ ਦਾ ਜੇਤੂ) ਕਹਿੰਦੇ ਹਨ। - 31

ਜੋ ਮੁਨੀ ਮੋਹ ਨੂੰ ਜਿੱਤ ਕੇ ਗਿਆਨ ਸੁਭਾਅ ਨਾਲ ਭਰੀ ਆਪਣੀ ਆਤਮਾ ਨੂੰ ਅਨੁਭਵ ਕਰਦਾ ਹੈ, ਪਰਮਾਰਥ ਦੇ ਜਾਣਕਾਰ ਉਸ ਨੂੰ ਮੋਹ ਜੇਤੂ ਆਖਦੇ ਹਨ। - 32

ਮੋਹ ਜੇਤੂ ਸਾਧੂ ਦਾ ਮੋਹ ਜਦ ਖ਼ਤਮ ਹੋ ਜਾਂਦਾ ਹੈ, ਤਦ ਪਰਮਾਰਥ ਦੇ ਜਾਣਕਾਰ ਉਸ ਨੂੰ ਕਸ਼ੀਨ ਮੋਹ ਕਹਿੰਦੇ ਹਨ। - 33

ਜਿਸ ਗਿਆਨ ਦੇ ਕਾਰਨ ਮਨੁੱਖ ਆਪਣੀ ਆਤਮਾ ਤੋਂ ਛੁੱਟ ਹੋਰ ਸਾਰੇ ਦਰੱਵਾਂ ਨੂੰ ਪਰਭਾਵ ਸਮਝ ਕੇ ਛੱਡ ਦਿੰਦਾ ਹੈ, ਉਹ ਹੀ ਗਿਆਨ ਨਿਯਮ ਤੋਂ ਪ੍ਰਤਖਿਆਨ (ਤਿਆਗ) ਹੈ। - 34

ਜਿਵੇਂ ਲੋਕ ਵਿੱਚ ਕੋਈ ਮਨੁੱਖ ਇਹ ਜਾਣ ਕੇ ਕਿ ਇਹ ਵਸਤੂ ਪਰ ਦਰੱਵ ਹੈ, ਉਸ ਨੂੰ ਤਿਆਗਦਾ ਹੈ, ਉਸ ਤਰ੍ਹਾਂ ਗਿਆਨੀ ਸਾਰੇ ਪਰ-ਭਾਵਾਂ ਨੂੰ ਪਰ-ਪਾਵ ਸਮਝਦਾ ਹੋਇਆ ਤਿਆਗਦਾ ਹੈ। - 35

ਇਹ ਸਮਝਣਾ ਚਾਹੀਦਾ ਹੈ ਕਿ ਮੋਹ ਨਾਲ ਮੇਰਾ ਕੋਈ ਸੰਬੰਧ ਨਹੀਂ ਹੈ, ਮੈਂ ਤਾਂ ਕੇਵਲ ਉਪਯੋਗ (ਗਿਆਨ ਦਰਸ਼ਨ) ਮਾਤਰ ਹਾਂ, ਆਗਮ ਦੇ ਜਾਣਕਾਰਾਂ ਦੀ ਦ੍ਰਿਸ਼ਟੀ ਵਿੱਚ ਮੋਹ-ਮਮਤਾ ਤੋਂ ਰਹਿਤ ਹੈ। - 36

ਮਨੁੱਖ ਦਾ ਇਹ ਸਮਝਣਾ ਕਿ (ਜੀਵ ਭਾਵ ਆਤਮਾ) ਇਸ ਧਰਮ ਆਦਿ (ਅਧਰਮ, ਆਕਾਸ਼, ਕਾਲ, ਪੁਦਗਲ) ਦਰੱਵਾਂ ਨਾਲ ਮੇਰਾ ਕੋਈ ਸਬੰਧ ਨਹੀਂ ਹੈ, ਮੈਂ ਤਾਂ ਬੱਸ ਉਪਯੋਗ (ਗਿਆਨ, ਦਰਸ਼ਨ) ਮਾਤਰ ਹਾਂ, ਆਗਮ ਦੇ ਗਿਆਤਾਵਾਂ (ਜਾਣਾਕਰਾਂ) ਦੀ ਦ੍ਰਿਸ਼ਟੀ ਵਿੱਚ ਧਰਮ ਆਦਿ ਦਰੱਵਾਂ ਤੋਂ ਰਹਿਤ ਹੈ। - 37

(ਉਪਰੋਕਤ ਪ੍ਰਕਾਰ ਦਾ ਵਿਅਕਤੀ ਸੋਚਦਾ ਹੈ ਕਿ ਮੈਂ ਤਾਂ ਇੱਕ ਹਾਂ, ਸ਼ੁੱਧ ਹਾਂ, ਦਰਸ਼ਨਗਿਆਨਮਈ ਹਾਂ, ਅਤੇ ਸਦਾ ਅਰੂਪ ਹਾਂ। ਪਰ ਦਰੱਵ ਨਾਲ ਮੇਰਾ ਪਰਮਾਣੂ ਭਰ ਭੀ ਲੈਣਾ-ਦੇਣਾ (ਵਾਸਤਾ) ਨਹੀਂ ਹੈ। 38

# ਅਧਿਆਇ - 2

## ਅਜੀਵ

ਆਤਮਾ ਨੂੰ ਨਾ ਜਾਨਣ ਅਤੇ ਪਰ (ਸਰੀਰ) ਨੂੰ ਆਤਮਾ ਕਹਿਣ ਵਾਲੇ ਕੁਝ ਅਗਿਆਨੀ ਲੋਕ ਤਾਂ ਅਧਿਆਵਸਾਨ (ਚਿੱਤ/ਰਾਗ ਭਾਵ) ਅਤੇ ਕਰਮ ਨੂੰ ਆਤਮਾ ਕਹਿ ਦਿੰਦੇ ਹਨ।

ਕੁਝ ਚਿੱਤ ਦੇ ਤੇਜਮੰਦ ਅਨੁਭਾਵ ਨੂੰ ਅਤੇ ਕੁਝ ਸਿਰਫ਼ ਨੋਕਰਮ (ਸਰੀਰ) ਨੂੰ ਆਤਮਾ ਆਖ ਦਿੰਦੇ ਹਨ।

ਕੁਝ ਕਰਮ ਦੇ ਉਦੈ ਨੂੰ ਅਤੇ ਕੁਝ ਤੇਜ਼ਮੰਦ ਗੁਣਾਂ ਵਾਲੇ ਕਰਮ ਦੇ ਅਨੁਭਾਗ ਨੂੰ ਆਤਮਾ ਕਹਿੰਦੇ ਹਨ।

ਕੁਝ ਜੀਵ ਅਤੇ ਕਰਮ ਦੋਹਾਂ ਨੂੰ ਅਤੇ ਕੁਝ ਸਿਰਫ਼ ਕਰਮ ਸੰਯੋਗ ਨੂੰ ਆਤਮਾ ਕਹਿੰਦੇ ਹਨ।

ਇਸ ਤਰ੍ਹਾਂ ਅਤੇ ਹੋਰ ਅਨੇਕਾਂ ਤਰ੍ਹਾਂ ਨਾਲ ਵੀ ਦੁਰਬੁੱਧੀ ਮਨੁੱਖ ਪਰ (ਸਵ ਤੋਂ ਇਲਾਵਾ) ਨੂੰ ਆਤਮਾ ਆਖਦੇ ਹਨ। ਸਤਿਆਰਥ ਦਾ ਕਥਨ ਕਰਨ ਵਾਲਿਆਂ ਦੀ ਦ੍ਰਿਸ਼ਟੀ ਵਿੱਚ ਲੋਕਾਂ ਦੇ ਉਕਤ ਕਥਨ ਸਹੀ ਨਹੀਂ ਹਨ। - 39 ਤੋਂ 43

ਕੇਵਲ ਗਿਆਨੀ ਜਿਨੇਂਦਰ ਭਗਵਾਨ ਦਾ ਕਥਨ ਹੇ ਕਿ ਅਧਿਆਵਸਾਨ ਆਦਿ ਉਕਤ ਸਾਰੇ ਭਾਵ ਤਾਂ ਪੁਦਗਲ ਦਰੱਵ ਦੇ ਪਰਿਨਮਨ ਤੋਂ ਉਤਪੰਨ ਹੋਏ ਹਨ। ਉਸ ਨੂੰ ਆਤਮਾ ਕਿਵੇਂ ਆਖ ਸਕਦੇ ਹਾਂ ? - 44

ਜਿਨੇਂਦਰ ਭਗਵਾਨ ਕਹਿੰਦੇ ਹਨ ਕਿ ਸਾਰੇ ਅੱਠ ਪ੍ਰਕਾਰ ਦੇ ਕਰਮ ਪੁਦਗਲਮਈ ਹਨ ਅਤੇ ਜਦੋਂ ਉਹ ਪੱਕ ਕੇ ਉਦੈ ਵਿੱਚ ਆਉਂਦੇ (ਪ੍ਰਭਾਵਸ਼ੀਲ ਹੁੰਦੇ) ਹਨ ਤਾਂ ਉਨ੍ਹਾਂ ਦਾ ਫਲ ਸਿਰਫ਼ ਦੁੱਖ ਹੀ ਹੁੰਦਾ ਹੈ। - 45

ਜਿਨੇਂਦਰ ਭਗਵਾਨ ਨੇ ਅਧਿਅਵਸਾਨ ਯਾਨੀ ਰਾਗ ਆਦਿ ਭਾਵਾਂ ਨੂੰ ਜੋ ਕਿ ਆਤਮਾ ਕਿਹਾ ਹੈ ਤਾਂ ਉਹ ਕਥਨ ਵਿਵਹਾਰ ਨਯ (ਪੱਖ) ਦੀ ਦ੍ਰਿਸ਼ਟੀ ਤੋਂ ਕੀਤਾ ਗਿਆ ਹੈ। - 46

ਚਲਦੀ ਹੋਈ ਸੈਨਾ ਵਿੱਚ ਰਾਜਾ ਤਾਂ ਅਸਲ ਵਿੱਚ ਇੱਕ ਹੀ ਹੁੰਦਾ ਹੈ, ਪਰੰਤੂ ਉਸ ਪੂਰੀ ਸੈਨਾ ਨੂੰ ਦੇਖ ਕੇ ਵਿਵਹਾਰ ਨਯ ਤੋਂ ਆਖਿਆ ਜਾਂਦਾ ਹੈ ਕਿ ਰਾਜਾ ਜਾ ਰਿਹਾ ਹੈ। - 47

ਇਸੇ ਪ੍ਰਕਾਰ ਅਧਿਅਵਸਾਨ ਆਦਿ ਭਾਵਾਂ ਨੂੰ ਆਗਮ ਵਿੱਚ ਵਿਵਹਾਰ ਨਯ ਤੋਂ ਆਤਮਾ ਕਿਹਾ ਗਿਆ ਹੈ, ਅਸਲ ਵਿੱਚ ਆਤਮਾ ਇੱਕ ਹੀ ਹੈ (ਅਤੇ ਉਹ ਅਧਿਅਵਸਾਨ ਆਦਿ ਭਾਵਾਂ ਤੋਂ ਵੱਖ ਹੈ)। - 48

ਜੀਵ (ਆਤਮਾ) ਰਸ-ਰਹਿਤ, ਰੂਪ-ਰਹਿਤ, ਗੰਧ-ਰਹਿਤ, ਇੰਦਰੀ ਅਗੋਚਰ ਇੰਦਰੀ ਆਦਿ ਨਾਲ ਵੇਖੇ ਜਾਣ ਵਾਲੇ, ਚੇਤਨਾ ਗੁਣ ਵਾਲੇ, ਅਸ਼ਬਦ ਅਤੇ ਹਰ ਕਿਸਮ ਦੇ ਚਿੰਨ੍ਹ ਤੋਂ ਰਹਿਤ ਹੈ। ਉਸ ਦਾ ਕੋਈ ਆਕਾਰ ਵੀ ਨਹੀਂ ਦੱਸਿਆ ਜਾ ਸਕਦਾ। - 49

ਆਤਮਾ ਦਾ ਨਾ ਕੋਈ ਰੰਗ ਹੈ, ਨਾ ਰੂਪ ਹੈ, ਨਾ ਗੰਧ ਹੈ, ਨਾ ਰਸ ਹੈ, ਨਾ ਸਪਰਸ਼ ਹੈ, ਨ ਆਕਾਰ ਹੈ ਅਤੇ ਨਾ ਹੀ ਹੱਡੀਆਂ ਹਨ। - 50

ਆਤਮਾ ਨੂੰ ਨਾ ਤਾਂ ਰਾਗ ਹੁੰਦਾ ਹੈ, ਨਾ ਦਵੇਸ਼ ਹੁੰਦਾ ਹੈ, ਨਾ ਮੋਹ ਹੁੰਦਾ ਹੈ, ਨਾ ਆਸ਼ਰਵ ਹੁੰਦਾ ਹੈ, ਨਾ ਕਰਮ ਹੁੰਦਾ ਹੈ ਅਤੇ ਨਾ ਨੋਕਰਮ ਹੁੰਦਾ ਹੈ। - 51

ਆਤਮਾ ਦਾ ਨਾ ਕੋਈ ਵਰਗ ਹੈ, ਨਾ ਵਰਗਨਾ ਹੈ, ਨਾ ਕੋਈ ਸਪਰਧਕ ਹੈ। ਉਸ ਦਾ ਕੋਈ ਅਧਿਆਤਮ ਸਥਾਨ ਅਤੇ ਕੋਈ ਅਨੁਭਾਗ ਸਥਾਨ ਵੀ ਨਹੀਂ ਹੈ। - 52

ਆਤਮਾ ਦਾ ਕੋਈ ਯੋਗ ਸਥਾਨ, ਬੰਧਨ ਸਥਾਨ, ਉਦੈ ਸਥਾਨ ਅਤੇ ਮਾਰਰਗਣਾ ਸਥਾਨ ਵੀ ਨਹੀਂ ਹੈ। - 53

ਆਤਮਾ ਦਾ ਕੋਈ ਸਥਿਤੀਬੰਧ ਸਥਾਨ ਨਹੀਂ ਹੈ, ਸੰਕਲੇਸ਼, ਵਿਸ਼ੁੱਧੀ ਅਤੇ ਸੰਜਮਲਬਧੀ ਸਥਾਨ ਵੀ ਨਹੀਂ ਹੈ। - 54

ਆਤਮਾ ਦਾ ਕੋਈ ਜੀਵ ਸਥਾਨ ਅਤੇ ਗੁਣ ਸਥਾਨ ਵੀ ਨਹੀਂ ਹੁੰਦਾ। ਅਸਲ ਵਿੱਚ ਇਹ ਸਾਰੇ ਤਾਂ ਪੁਦਗਲ ਦਰੱਵ ਦੇ ਪਰਿਣਾਮ ਹਨ। - 55

ਵਰਣ ਆਦਿ (ਗਾਥਾ 50) ਤੋਂ ਲੈ ਕੇ ਗੁਣ ਸਥਾਨ (ਗਾਥਾ 55) ਤਕ ਦੇ ਜਿੰਨੇ ਵੀ ਉਪਰੋਕਤ ਭਾਗ ਹਨ ਉਹ ਵਿਵਹਾਰ ਨਯ ਤੋਂ ਹੀ ਆਤਮਾ ਦੇ ਕਹੇ ਗਏ ਹਨ। ਨਿਸ਼ਚੈ ਨਯ ਤੋਂ ਤਾਂ ਇਨ੍ਹਾਂ ਵਿੱਚੋਂ ਕੋਈ ਵੀ ਭਾਵ ਆਤਮਾ ਦਾ ਨਹੀਂ ਹੈ। - 56

ਇਨ੍ਹਾਂ ਵਰਣਾਂ ਆਦਿ ਦੇ ਨਾਲ ਆਤਮਾ ਦਾ ਸਬੰਧ ਦੁੱਧ ਅਤੇ ਪਾਣੀ ਦੀ ਤਰ੍ਹਾਂ ਸਮਝਣਾ ਚਾਹੀਦਾ ਹੈ। (ਅੱਗ ਅਤੇ ਗਰਮੀ ਦੀ ਤਰ੍ਹਾਂ) ਇੱਕ ਰੂਪ ਨਹੀਂ। ਆਪਣੇ ਉਪਯੋਗ ਗੁਣ (ਗਿਆਨ, ਦਰਸ਼ਨ) ਦੇ ਕਾਰਲ ਆਤਮਾ ਵਰਣ ਆਦਿ ਦੇ ਨਾਲ ਇੱਕ ਨਹੀਂ ਹੋ ਸਕਦੀ। - 57

ਕੋਈ ਰਾਹ ਵੀ ਭਲਾ ਲੁੱਟਦਾ ਹੈ। ਪਰੰਤੂ ਕਿਸੇ ਰਾਹ 'ਤੇ ਚੱਲਣ ਵਾਲਾ ਮੁਸਾਫ਼ਿਰ ਲੁੱਟਿਆ ਹੋਇਆ ਵੇਖ ਕੇ ਲੋਕ ਆਖ ਦਿੰਦੇ ਹਨ ਕਿ ਇਹ ਰਾਹ ਲੁੱਟਦਾ ਹੈ। - 58

ਇਸੇ ਪ੍ਰਕਾਰ ਜਿਨੇਂਦਰ ਦੇਵ ਨੇ ਕਰਮਾਂ, ਨੋਕਰਮਾਂ ਦੇ ਵਰਣ ਨੂੰ ਦੇਖ ਕੇ ਵਿਵਹਾਰ ਤੋਂ ਹੀ ਉਸ ਨੂੰ ਆਤਮਾ ਦਾ ਵਰਣ ਕਿਹਾ ਹੈ। - 59

ਨਿਸ਼ਚੈ ਨਯ ਦੇ ਜਾਨਣ ਵਾਲਿਆਂ ਦਾ ਮੱਤ ਹੈ ਕਿ ਗੰਧ, ਰਸ, ਸਪਰਸ਼, ਰੂਪ, ਦੇਹ ਸੰਸਥਾਨ ਆਦਿ ਨੂੰ ਵਿਵਹਾਰ ਤੋਂ ਹੀ ਆਤਮਾ ਦਾ ਕਿਹਾ ਜਾਂਦਾ ਹੈ। - 60

(ਵਿਵਹਾਰ ਨਯ ਤੋਂ ਵੀ) ਵਰਣ ਆਦਿ ਤਾਂ ਸੰਸਾਰ ਸਥਿਤ ਆਤਮਾਵਾਂ ਦੇ ਹੁੰਦੇ ਹਨ। ਸੰਸਾਰ ਤੋਂ ਮੁਕਤ ਹੋਈਆਂ ਆਤਮਾਵਾਂ ਦੇ ਕੋਈ ਵਰਣ (ਰੰਗ) ਆਦਿ ਨਹੀਂ ਹੁੰਦੇ। - 61

ਜੇ ਤੁਸੀਂ ਇਨ੍ਹ ਸਾਰੇ ਰੰਗਾਂ (ਵਰਣਾਂ) ਨੂੰ ਆਤਮਾ ਦਾ ਮੰਨੋਗੇ ਤਾਂ ਫਿਰ ਆਪ ਦੇ ਮਤ (ਰਾਏ) ਅਨੁਸਾਰ ਜੀਵ-ਅਜੀਵ ਵਿੱਚ ਕੋਈ ਭੇਦ ਨਹੀਂ ਰਹਿ ਜਾਵੇਗਾ। - 62

ਜੇ ਤੁਹਾਡੇ ਮਤ ਵਿੱਚ ਸੰਸਾਰ ਵਿੱਚ ਸਥਿਤ ਆਤਮਾਵਾਂ ਦੇ ਵਰਣ (ਰੰਗ) ਆਦਿ ਹੁੰਦੇ ਹਨ, ਫਿਰ ਤਾਂ ਉਨ੍ਹਾਂ ਨੂੰ ਰੂਪ ਆਕਾਰ ਪ੍ਰਾਪਤ ਹੋ ਗਿਆ। ਫਿਰ ਅਜਿਹਾ ਹੋਣ 'ਤੇ ਤਾਂ ਪੁਦਗਲ ਦਰੱਵ ਹੀ ਆਤਮਾ ਸਿੱਧ ਹੋ ਜਾਵੇਗਾ। ਹੇ ਭੁਲੇਖੇ ਵਾਲੀ ਬੁੱਧੀ ! ਆਤਮਾ ਦੇ ਨਿਰਵਾਣ ਨੂੰ ਪੁਦਗਲ ਜਿਹੇ ਲੱਛਣਾਂ ਦੇ ਕਾਰਨ ਪੁਦਗਲ ਦਾ ਵੀ ਨਿਰਵਾਣ ਮੰਨਿਆ ਜਾਵੇਗਾ। - 63, 64

ਇੱਕ, ਦੋ, ਤਿੰਨ, ਚਾਰ ਜਾਂ ਪੰਜ ਇੰਦਰੀਆਂ ਵਾਲੇ ਜੀਵ ਅਤੇ ਬਾਦਰ, ਸੂਖਮ, ਪਰਿਆਇ ਜੀਵ ਨਾਮਕਰਮ ਦੀ ਪ੍ਰਾਕ੍ਰਿਤੀਆਂ ਹਨ। ਇਨ੍ਹਾਂ ਪ੍ਰਾਕ੍ਰਿਤੀਆਂ ਤੋਂ ਜੀਵ ਸਮਾਸਾਂ ਦੀ ਰਚਨਾ ਹੋਈ ਹੈ। ਪੁਗਦਲਮਈ ਪ੍ਰਕ੍ਰਿਤੀਆਂ ਤੋਂ ਹੋਈ ਰਚਨਾ ਨੂੰ ਆਤਮਾ ਕਿਵੇਂ ਕਹਿ ਸਕਦੇ ਹਾਂ ? - 65

ਪਰਿਆਪਤ (ਸੰਪੂਰਨ), ਅਪਰਿਆਪਤ (ਅਧੂਰਾ) ਅਤੇ ਸੂਖਮ, ਬਾਦਰ (ਮੋਟਾ) ਇਹ ਸਭ ਦੇਹ ਦੀਆਂ ਸੰਘਿਆਵਾਂ (ਨਾਮ) ਹਨ, ਇਨ੍ਹਾਂ ਨੂੰ ਆਗਮ ਵਿੱਚ ਵਿਵਹਾਰ ਨਯ ਤੋਂ ਹੀ ਆਤਮਾ ਕਿਹਾ ਗਿਆ ਹੈ। - 66, 67

(ਆਗਮ ਵਿੱਚ) ਕਿਹਾ ਗਿਆ ਹੈ ਕਿ ਜੋ ਗੁਣ ਸਥਾਨ ਹਨ ਉਹ ਮੋਹਨੀਆ ਕਰਮ ਦੇ ਵੱਖ-ਵੱਖ ਪ੍ਰਭਾਵਾਂ ਨਾਲ ਉਪਜਦੇ ਹਨ। ਮੋਹਨੀਆ ਕਰਮ ਪੁਦਗਲ ਹੈ, ਅਚੇਤਨ (ਬੇਜਾਨ) ਹੈ। ਪੁਦਗਲ ਅਤੇ ਅਚੇਤਨ ਬੀਜਾਂ ਤੋਂ ਗੈਰ-ਪੁਦਗਲ ਅਤੇ ਚੇਤਨ ਆਤਮਾ ਦੀ ਫਸਲ ਭਲਾ ਕਿਵੇਂ ਲਈ ਜਾ ਸਕਦੀ ਹੈ ? ਇਸ ਲਈ ਗੁਣ ਸਥਾਨ ਵੀ ਆਤਮਾ ਨਹੀਂ ਹੈ। - 68

# ਅਧਿਆਇ - 3

## ਕਰਤਾਕਰਮ ਅਧਿਕਾਰ

ਜਦ ਤੱਕ ਵਿਅਕਤੀ ਆਤਮਾ ਅਤੇ ਆਸ਼ਰਵ ਦੇ ਲੱਛਣਾਂ ਅਤੇ ਫ਼ਰਕ ਨੂੰ ਨਹੀਂ ਜਾਣਦਾ ਤਦ ਤੱਕ ਉਹ ਅਗਿਆਨੀ ਰਹਿੰਦਾ ਹੈ ਅਤੇ ਕ੍ਰੋਧ ਆਦਿ ਵਿੱਚ ਲੱਗਿਆ ਰਹਿੰਦਾ ਹੈ। - 69

ਕਰੋਧ ਆਦਿ ਵਿੱਚ ਲੱਗੇ ਰਹਿਣ ਕਾਰਨ ਉਸ ਦੇ ਕਰਮਾਂ ਦਾ ਸੰਗ੍ਰਹਿ ਹੁੰਦਾ ਹੈ। ਸਰਵੱਗ (ਜਿਨ ਅਰਿਹੰਤ) ਨੇ ਆਤਮਾ ਦੇ ਨਵੇਂ ਕਰਮ ਬੰਧਨ ਦਾ ਇਹ ਤਰੀਕਾ ਦੱਸਿਆ ਹੈ। - 70

ਆਤਮਾ ਅਤੇ ਆਸ਼ਰਵਾਂ ਦੇ ਲੱਛਣਾਂ ਅਤੇ ਭੇਦ ਨੂੰ ਚੰਗੀ ਤਰ੍ਹਾਂ ਜਾਨਣ ਵਾਲਾ ਮਨੁੱਖ ਕਰਮ ਬੰਧ ਨਹੀਂ ਹੁੰਦਾ। - 71

ਇਹ ਜਾਣ ਕੇ ਕਿ ਆਸ਼ਰਵਾਂ ਦੀ ਅਪਵਿੱਤਰਤਾ ਅਤੇ ਉਲਟੇ ਅਸਰ ਹੀ ਦੁੱਖ ਦਾ ਕਾਰਨ ਹੈ, ਮਨੁੱਖ ਉਸ ਤੋਂ ਦੂਰ ਰਹਿੰਦਾ ਹੈ। - 72

(ਗਿਆਨੀ ਜਾਣਦਾ ਹੈ ਕਿ) ਮੈਂ ਗਿਆਨ ਦਰਸ਼ਨ ਨਾਲ ਪਰਿਪੂਰਨ ਹਾਂ। ਇੱਕ ਹਾਂ। ਸ਼ੁੱਧ ਹਾਂ। ਮਮਤਾ ਰਹਿਤ ਹਾਂ। ਇਨ੍ਹਾਂ ਲੱਛਣਾਂ ਨਾਲ ਆਪਣੇ ਸਰੂਪ ਦੇ ਚੇਤੰਨ ਅਨੁਭਵ ਵਿੱਚ ਲੀਣ ਹਾਂ। ਇਸ ਲਈ ਮੈਂ ਇਨ੍ਹਾਂ ਕ੍ਰੋਧ ਆਦਿ ਸਾਰੇ ਆਸ਼ਰਵਾਂ ਨੂੰ ਨਸ਼ਟ ਕਰ ਦੇਵਾਂਗਾ। - 73

ਆਸ਼ਰਵ ਆਤਮਾ ਦੇ ਨਾਲ ਜੁੜ ਜ਼ਰੂਰ ਜਾਂਦੇ ਹਨ ਪਰੰਤੂ ਉਹ ਅਨਿੱਤ, ਅਸ਼ਰਨ ਅਤੇ ਦੁੱਖ ਰੂਪ ਹਨ। ਫਲ ਦੇ ਰੁਪ ਵਿੱਚ ਵੀ ਉਹ ਦੁੱਖ ਹੀ ਦਿੰਦੇ ਹਨ। ਇਸ ਲਈ ਉਨ੍ਹਾਂ ਤੋਂ ਦੂਰ ਹੀ ਰਹਿਣਾ ਚਹੀਦਾ ਹੈ। - 74

ਜੋ ਆਤਮਾ ਇਹ ਜਾਣਦੀ ਹੈ ਕਿ ਉਹ ਨਾ ਤਾਂ ਕਰਮ ਦੇ ਪਰਿਨਾਮਾਂ ਭਾਵ ਪਰਿਵਰਤਨਾਂ ਦੀ ਕਰਤਾ ਹੈ, ਅਤੇ ਨਾ ਨੋਕਰਮ ਦੇ ਪਰਿਣਾਮਾਂ ਦੀ ਉਹ (ਰਾਗ ਦਵੇਸ਼ ਹੋ ਚੁੱਕੀ ਸ਼ੁਧਉਪਯੋਗੀ ਮੁਨੀ ਆਤਮਾ) ਗਿਆਨੀ ਹੈ। – 75

ਗਿਆਨ ਆਤਮਾ ਅਨੇਕ ਪ੍ਰਕਾਰ ਦੇ ਕਰਮਾਂ ਨੂੰ, ਜੋ ਪੁਦਗਲ ਦਰੱਵ ਦੇ ਪਰਿਆਏ ਹਲ, ਜਾਣਦੀ ਹੈ। ਪਰ ਉਹ ਇਨ੍ਹਾਂ ਪਰਦ੍ਰਵਾਂ ਵਿਚ ਨਾ ਤਾਂ ਪਰਿਨਮਨ ਕਰਦੀ ਹੈ ਨਾ ਉਨ੍ਹਾਂ ਨੂੰ ਸਵੀਕਾਰ ਕਰਦੀ ਹੈ ਅਤੇ ਉਨ੍ਹਾਂ ਵਿੱਚੋਂ ਉਤਪੰਨ ਹੁੰਦੀ ਹੈ। – 76

ਗਿਆਨੀ ਆਤਮਾ ਆਪਣੇ ਬਹੁਤ ਪ੍ਰਕਾਰ ਦੇ ਪਰਿਣਾਮਾਂ ਯਾਨਿ ਭਾਵਾਂ ਨੂੰ ਜਾਣਦੀ ਹੈ। ਪਰੰਤੂ ਉਹ ਨਾ ਤਾਂ ਇਨ੍ਹਾਂ ਪਰ-ਦਰੱਵਾਂ ਦੇ ਪਰਿਆਏ ਵਿਚ ਨਾ ਤਾਂ ਪਰਿਨਮਨ ਕਰਦੀ ਹੈ ਨਾ ਉਨ੍ਹਾਂ ਨੂੰ ਅੰਗੀਕਾਰ ਕਰਦੀ ਹੈ ਅਤੇ ਨਾ ਹੀ ਉਨ੍ਹਾਂ ਵਿੱਚ ਉਤਪੰਨ ਹੁੰਦੀ ਹੈ। – 77

ਗਿਆਨੀ ਆਤਮਾ ਪੁਦਗਲ ਦੇ ਅਨੇਕ ਕਰਮ ਫਲਾਂ ਨੂੰ ਜਾਣਦੀ ਹੈ। ਪਰੰਤੂ ਉਹ ਨਾ ਤਾਂ ਇਨ੍ਹਾਂ ਪਰ-ਦਰੱਵਾਂ ਦੇ ਪਰਿਆਏ ਵਿਚ ਪਰਿਨਮਨ ਕਰਦੀ ਹੈ ਨਾ ਉਨ੍ਹਾਂ ਨੂੰ ਅੰਗੀਕਾਰ ਕਰਦੀ ਹੈ ਅਤੇ ਨਾ ਹੀ ਉਨ੍ਹਾਂ ਵਿੱਚ ਉਤਪੰਨ ਹੁੰਦੀ ਹੈ। – 78

ਇਸ ਪ੍ਰਕਾਰ ਪੁਦਗਲ ਦਰੱਵ ਵੀ, ਪਰ-ਦਰੱਵ ਪਰਿਆਏ ਵਿੱਚ ਨਾ ਤਾਂ ਪਰਿਨਮਨ ਕਰਦਾ ਹੈ, ਨਾ ਉਨ੍ਹਾਂ ਨੂੰ ਸਵੀਕਾਰ ਕਰਦਾ ਹੈ, ਨਾ ਉਸ ਵਿੱਚ ਉਤਪੰਨ ਹੁੰਦਾ ਹੈ। ਉਹ ਸਦਾ ਆਪਣੇ ਪਰਿਨਾਮ ਵਿੱਚ ਹੀ ਪਰਿਨਮਨ ਕਰਦਾ ਹੈ। ਦਰਅਸਲ ਆਤਮਾ ਅਤੇ ਪੁਦਗਲ ਦੋਹਾਂ ਦਾ ਉਤਪਾਦਨ ਦੇ ਰੂਪ ਵਿੱਚ ਇੱਕ ਦੂਸਰੇ ਵਿੱਚ ਕੋਈ ਦਖ਼ਲ ਨਹੀਂ ਹੈ। – 79

ਜਿਵੇਂ ਆਤਮਾ ਦੇ ਰਾਗ ਦਵੇਸ਼ ਆਦਿ ਭਾਵਾਂ ਨੂੰ ਨਿਮਿਤ ਪਾ ਕੇ ਪੁਦਗਲ ਦਰੱਵ ਕਰਮਤਵ ਵਿੱਚ ਪਰਿਨਮਨ ਕਰਦਾ ਹੈ, ਉਸੇ ਤਰ੍ਹਾਂ ਪੁਦਗਲ ਕਰਮਾਂ ਦਾ ਨਿਮਿਤ ਪਾ ਕੇ ਆਤਮਾ ਵੀ ਰਾਗ ਦਵੇਸ਼ ਆਦਿ ਭਾਵਾਂ ਵਿੱਚ ਪਰਿਨਮਨ ਕਰਦਾ ਹੈ। – 80

ਪਰ ਆਤਮਾ ਕਰਮ ਦੇ ਗੁਣਾਂ ਨੂੰ ਅੰਗੀਕਾਰ ਨਹੀਂ ਕਰਦੀ। ਇਸ ਪ੍ਰਕਾਰ ਕਰਮ ਵੀ ਆਤਮਾ ਦੇ ਗੁਣਾਂ (ਚੇਤਨਾ ਆਦਿ) ਨੂੰ ਅੰਗੀਕਾਰ ਨਹੀਂ ਕਰਦਾ। ਇਨ੍ਹਾਂ ਦੋਹਾਂ ਦਾ ਸਿਰਫ਼ ਇੱਕ ਦੂਜੇ ਦੇ ਨਿਮਿਤ ਤੋਂ ਹੀ ਉਪਰੋਕਤ ਵਿਕਾਰੀ ਪਰਿਨਮਨ ਹੁੰਦਾ ਹੈ। – 81

ਇਸ ਲਈ ਆਤਮਾ ਆਪਣੇ ਭਾਵਾਂ ਦੀ ਹੀ ਕਰਤਾ ਹੈ। ਉਹ ਪੁਦਗਲ ਕਰਮਾਂ ਦੁਆਰਾ ਕੀਤੇ ਗਏ ਭਾਵਾਂ ਦੀ ਕਰਤਾ ਨਹੀਂ ਹੈ। – 82

ਨਿਸ਼ਚੇ ਨਯ ਦੇ ਅਨੁਸਾਰ ਇਹ ਜਾਨ ਲਵੋ ਕਿ ਆਤਮਾ ਆਪ ਹੀ ਕਰਤਾ ਹੈ ਅਤੇ ਆਪ ਹੀ ਭੋਗਣ ਵਾਲਾ ਹੈ। – 83

ਵਿਵਹਾਰ ਨਯ ਦੇ ਅਨੁਸਾਰ ਆਤਮਾ ਅਨੇਕ ਪ੍ਰਕਾਰ ਦੇ ਪੁਦਗਲ ਕਰਮਾਂ ਦੀ ਕਰਤਾ ਅਤੇ ਅਨੇਕ ਪ੍ਰਕਾਰ ਨਾਲ ਉਨ੍ਹਾਂ ਦੀ ਭੋਗਤਾ ਹੈ। – 84

ਉਪਰਲੇ ਕਥਨ (ਗਾਥਾ 84) ਵਿੱਚ ਆਤਮਾ ਨੂੰ ਪੁਦਗਲ ਕਰਮਾਂ ਦੀ ਵੀ ਕਰਤਾ ਅਤੇ ਭੋਗਤਾ ਕਿਹਾ ਗਿਆ ਹੈ। ਇਹ ਤਾਂ ਉਸ ਦੀਆਂ ਦੋ ਕਿਰਿਆਵਾਂ ਤੋਂ ਅਭਿੰਨਤਾ ਹੋਈ। ਇਹ ਜਿਨਦੇਵ ਦੇ ਮੱਤ ਦੇ ਵਿਰੁੱਧ ਹੈ।

ਕੁੰਦਕੁੰਦ ਪਹਿਲਾਂ ਹੀ ਕਹਿ ਆਏ ਹਨ (ਗਾਥਾ – 3) ਕਿ ਛੇ ਦਰੱਵਾਂ ਵਿੱਚੋਂ ਹਰੇਕ ਦਰੱਵ ਆਪਣੇ ਏਕੱਤਵ ਵਿੱਚ ਹੀ ਸੰਪੂਰਨ ਲੋਕ ਵਿੱਚ ਸ਼ੋਭਾ ਅਤੇ ਪ੍ਰਸੰਸਾ ਪ੍ਰਾਪਤ ਕਰਦਾ ਹੈ। ਕਿਸੇ ਦੂਸਰੇ ਦੇ

ਨਾਲ ਉਸ ਦਾ ਏਕੱਤਵ ਬੰਧਨ ਦੀ ਕਥਾ ਉਸ ਦੀ ਨਿੰਦਾ ਕਰਾਉਂਦੀ ਹੈ।

ਇੱਕ ਦਰੱਵ ਦਾ ਏਕੱਤਵ ਦੂਸਰੇ ਦਰੱਵ ਦੇ ਨਾਲ ਬੰਧ (ਬੰਨ੍ਹਿਆ) ਨਹੀਂ ਸਕਦਾ। ਅਜਿਹੇ ਵਿੱਚ ਆਤਮਾ ਨੂੰ ਪੁਦਗਲ ਦਰੱਵ ਦੀ ਵੀ ਕਰਤਾ, ਭੋਗਤਾ ਕਹਿਣਾ ਉਸ ਦੇ ਏਕੱਤਵ ਨੂੰ ਇੱਕ ਦਰੱਵ (ਪੁਦਗਲ) ਦੇ ਨਾਲ ਬੰਨ੍ਹਣਾ ਹੈ। ਆਤਮਾ ਆਪ ਹੀ ਆਪਣੀ ਕਰਤਾ-ਭੋਗਤਾ ਹੈ। ਪਰ ਜੇਕਰ ਉਹ ਪੁਦਗਲ ਕਰਮਾਂ ਦੀ ਵੀ ਕਰਤਾ-ਭੋਗਤਾ ਕਹੀ ਜਾਵੇਗੀ ਤਾਂ ਇਹ ਤਾਂ ਉਸ ਦਾ ਪੁਦਗਲ ਦੀਆਂ ਕਿਰਿਆਵਾਂ ਨਾਲ ਜੁੜਨਾ ਹੋਵੇਗਾ। ਉਹ ਦੋ-ਕਿਰਿਆਵਾਦ ਹੋ ਜਾਵੇਗਾ ਜੋ ਜਿਨੇਂਦਰ ਭਗਵਾਨ ਦੇ ਇਸ ਮੱਤ ਦੇ ਵਿਰੁੱਧ ਹੈ ਕਿ ਹਰੇਕ ਦਰੱਵ ਆਪਣੇ ਏਕੱਤਵ ਵਿੱਚ ਰਹਿਦਾ ਹੈ ਅਤੇ ਉਸੇ ਵਿੱਚ ਹੀ ਸ਼ੋਭਾ ਪਾਉਂਦਾ ਹੈ। - 85

ਕਿਉਂਕਿ ਦੋ-ਕਿਰਿਆਵਾਦੀ ਆਤਮਾ ਨੂੰ ਆਤਮਭਾਵ ਅਤੇ ਪੁਦਗਲ ਭਾਵ ਦੋਹਾਂ ਦੀ ਹੀ ਕਰਤਾ ਮੰਨਦੇ ਹਨ, ਇਸ ਲਈ ਉਹ ਮਿੱਥਿਆ-ਦ੍ਰਿਸ਼ਟੀ ਹੈ। - 86

ਮਿੱਥਿਆਤਵ ਦੋ ਪ੍ਰਕਾਰ ਦਾ ਹੁੰਦਾ ਹੈ - ਜੀਵ ਮਿੱਥਿਆਤਵ ਤੇ ਅਜੀਵ ਮਿੱਥਿਆਤਮ। ਇਸੇ ਤਰ੍ਹਾਂ ਅਗਿਆਨ, ਅਵਿਰਤੀ, ਯੋਗ, ਮੋਹ, ਕ੍ਰੋਧ ਆਦਿ ਭਾਵ (ਕਸ਼ਾਏ) ਵੀ (ਜੀਵ ਅਜੀਵ ਦੇ ਭੇਦ ਤੋਂ) ਦੋ-ਦੋ ਪ੍ਰਕਾਰ ਦੇ ਹੁੰਦੇ ਹਨ। - 87

ਜੋ ਮਿੱਥਿਆਤਵ, ਯੋਗ, ਅਵਿਰਤੀ, ਅਤੇ ਅਗਿਆਨ ਪੁਦਗਲ ਕਰਮ ਵਰਗਾਂ ਵਿੱਚ ਹਨ, ਉਹ ਅਜੀਵ (ਯਾਨਿ ਅਨਾਤਵ ਅਤੇ ਦਰੱਵ ਰੂਪ) ਹਨ। ਇਸ ਦੇ ਉਲਟ ਜੋ ਮਿੱਥਿਆਤਵ, ਯੋਗ, ਅਵਿਰਤੀ ਅਤੇ ਅਗਿਆਨ ਉਪਯੋਗਾਤਮਕ ਹਨ ਯਾਨਿ ਆਤਮਕ

ਕਿਰਿਆਸ਼ੀਲਤਾ ਵਿੱਚ ਹਨ ਉਹ ਜੀਵ (ਯਾਨਿ ਭਾਵ ਰੂਪ) ਹਨ। – 88

ਉਪਯੋਗ ਅਗਰ ਮੋਹਯੁਕਤ ਹੋਵੇ ਤਾਂ ਅਨਾਦਿ ਕਾਲ ਤੋਂ ਉਸ ਦੇ ਤਿੰਨ ਪਰਿਣਾਮ ਹੁੰਦੇ ਹਨ – ਮਿੱਥਿਆਤਵ, ਅਗਿਆਨ ਅਤੇ ਅਵਿਰਤੀ। – 89

ਚਾਹੇ ਸ਼ੁੱਧ ਨਯ ਦੀ ਦ੍ਰਿਸ਼ਟੀ ਤੋਂ ਆਮਾ ਦਾ ਉਪਯੋਗ ਸ਼ੁੱਧ ਅਤੇ ਨਿਰਵਿਕਾਰ ਹੈ ਤਾਂ ਵੀ ਉਪਰੋਕਤ ਤਿੰਨ ਭਾਵਾਂ (ਮਿੱਥਿਆਤਵ, ਅਗਿਆਨ ਅਤੇ ਅਵਿਰਤੀ) ਵਿੱਚੋਂ ਆਤਮਾ ਜਦੋਂ ਜਿਸ ਭਾਵ ਦੀ ਪਕੜ ਵਿੱਚ ਹੁੰਦੀ ਹੈ, ਉਹ ਤਦ ਉਸੀ ਭਾਵ ਦੀ ਕਰਤਾ ਹੁੰਦੀ ਹੈ। – 90

ਆਤਮਾ ਜਿਸ ਭਾਵ ਦੀ ਪਕੜ ਵਿੱਚ ਹੁੰਦੀ ਹੈ, ਤਦ ਉਹ ਉਸੀ ਭਾਵ ਦੀ ਕਰਤਾ ਹੁੰਦੀ ਹੈ। ਉਸ ਦੇ ਕਰਤਾ ਹੋਣ ਵਿੱਚ ਪੁਦਗਲ ਦਰੱਵ ਖੁਦ ਕਰਮ ਰੂਪ ਵਿੱਚ ਪਰਿਨਮਣ ਕਰ ਜਾਂਦਾ ਹੈ। – 91

ਅਗਿਆਨੀ ਆਤਮਾ ਪਰਾਏ ਨੂੰ ਆਪਣਾ ਅਤੇ ਆਪਣੇ ਨੂੰ ਪਰਾਇਆ ਬਣਾਉਂਦੀ ਹੈ। ਇਸ ਤਰ੍ਹਾਂ ਉਹ ਕਰਮਾਂ ਦੀ ਕਰਤਾ ਹੁੰਦੀ ਹੈ। – 92

ਜੋ ਆਤਮਾ ਆਪ ਨੂੰ ਪਰ ਅਤੇ ਪਰ ਨੂੰ ਆਪ ਨਹੀਂ ਮੰਨਦੀ ਉਹ ਗਿਆਨੀ ਆਤਮਾ ਹੈ। ਵੁਹ ਕਰਮਾਂ ਦੀ ਕਰਤਾ ਨਹੀਂ ਹੁੰਦੀ। – 93

ਉਪਰੋਕਤ ਤਿੰਨ (ਮਿੱਥਿਆਤਵ, ਅਗਿਆਨ, ਅਵਿਰਤੀ) ਪ੍ਰਕਾਰ ਦਾ ਵਿਕਾਰ ਭਾਵ ਧਾਰਨ ਕਰਨ ਵਾਲੀ ਆਤਮਾ 'ਮੈਂ ਕਰੋਧ ਸਰੂਪ ਹਾਂ' ਜਿਹੇ ਝੂਠੇ ਵਿਕਲਪ ਕਰਦੇ ਸਮੇਂ ਉਸ ਭਾਵ ਦੇ ਉਪਯੋਗ ਦੀ ਕਰਤਾ ਹੁੰਦੀ ਹੈ। – 94

ਉਪਰੋਕਤ ਤਿੰਨ ਪ੍ਰਕਾਰ ਦੇ ਵਿਕਾਰ ਭਾਵ ਧਾਰਨ ਕਰਨ ਵਾਲੀ ਆਤਮਾ ਧਰਮ ਆਦਿ ਨੌ ਦਰੱਵਾਂ ਨੂੰ ਵੀ ਆਪਣਾ ਮੰਨਣ ਦਾ ਵਿਕਲਪ ਕਰਦੀ ਰਹਿੰਦੀ ਹੈ। ਉਸ ਸਮੇਂ ਉਹ ਉਸ ਵਿਕਲਪ ਰੂਪ ਭਾਵ ਦੀ ਕਰਤਾ ਹੁੰਦੀ ਹੈ। - 95

ਇਸ ਪ੍ਰਕਾਰ ਅਗਿਆਨੀ ਆਤਮਾ ਆਪਣੇ ਅਗਿਆਨ ਦੇ ਕਾਰਨ ਪਰ-ਪਦਾਰਥਾਂ ਨੂੰ ਸਵ-ਰੂਪ ਅਤੇ ਸਵ-ਰੂਪ ਨੂੰ ਪਰ-ਰੂਪ ਕਰ ਲੈਂਦੀ ਹੈ। - 96

ਇਸ ਲਈ ਨਿਸ਼ਚੇ ਨਯ ਦੇ ਜਾਣਕਾਰਾਂ ਨੇ ਉਕਤ ਪਰਿਸਥਿਤੀਆਂ ਵਿੱਚ ਹੀ ਆਤਮਾ ਨੂੰ ਕਰਤਾ ਗਿਆ ਹੈ। ਪਰੰਤੂ ਜੋ ਆਤਮਾ ਅਸਲੀਅਤ ਨੂੰ ਜਾਣ ਲੈਂਦੀ ਹੈ, ਉਹ ਸਾਰੇ ਤਰ੍ਹਾਂ ਦੇ ਕਰਤਾਪਨਾਂ ਨੂੰ ਤਿਆਗ ਦਿੰਦੀ ਹੈ। - 97

ਵਿਵਹਾਰ ਨਯ ਦੀ ਦ੍ਰਿਸ਼ਟੀ ਤੋਂ ਤਾਂ ਆਤਮਾ ਘਟ, ਪਟ, ਰਥ ਆਦਿ ਵਸਤੂਆਂ, ਇੰਦਰੀਆਂ ਦੀ, ਗਿਆਨਾਵਰਨੀਆ ਆਦਿ ਦਰੱਵ ਕਰਮਾਂ ਦੀ ਅਤੇ ਕਰੋਧ ਆਦਿ ਭਾਵਾਂ ਦੀ ਅਤੇ ਸਰੀਰ ਆਦਿ ਨੋਕਰਮਾਂ ਦੀ ਕਰਤਾ ਹੈ। - 98

ਪਰ ਆਤਮਾ ਜੇ ਪਰ ਦਰੱਵਾਂ ਦੀ ਕਰਤਾ ਹੁੰਦੀ ਤਾਂ ਉਸ ਨੂੰ ਉਸ ਦੇ ਨਾਲ ਨਿਯਮ ਤੋਂ ਇੱਕ ਹੋ ਜਾਣਾ ਚਾਹੀਦਾ ਸੀ। ਪਰ ਉਹ ਉਨ੍ਹਾਂ ਨਾਲ ਨਿਯਮ ਤੋਂ ਇੱਕ ਨਹੀਂ ਹੁੰਦੀ ਇਸ ਲਈ ਸਪੱਸ਼ਟ ਹੈ ਕਿ ਉਹ ਉਨ੍ਹਾਂ ਦੀ ਕਰਤਾ ਨਹੀਂ ਹੈ। - 99

ਆਤਮਾ ਨਾ ਘਟ ਦੀ ਕਰਤਾ ਹੈ, ਨਾ ਪਟ ਦੀ ਕਰਤਾ ਹੈ, ਨਾ ਸਸਾਰ ਦੇ ਬਾਕੀ ਦਰੱਵਾਂ ਦੀ ਕਰਤਾ ਹੈ। ਆਤਮਾ ਦੇ ਯੋਗ ਅਤੇ ਉਪਯੋਗ ਘੱਟ-ਪਟ ਆਦਿ ਉਤਪਤਿ ਵਿੱਚ ਨਿਮਿਤ ਹਨ। ਪਰ ਆਤਮਾ ਦੇ ਯੋਗ ਅਤੇ ਉਪਯੋਗ ਤੋਂ ਹੀ ਰਚਨਾਕਾਰ ਨੇ ਰਚਨਾ

ਕੀਤੀ ਹੈ, ਕਰਤਾਪਨ ਦੀ ਪ੍ਰਵਿਰਤੀ ਹੁੰਦੀ ਹੈ ਇਸ ਲਈ ਆਤਮਾ ਉਕਤ ਯੋਗ, ਉਪਯੋਗ ਦੀ ਕਰਤਾ ਜ਼ਰੂਰ ਹੈ। - 100

ਪੁਦਗਲ ਆਦਿ ਦਰੱਵਾਂ ਦਾ ਗਿਆਨਾਵਰਣੀ ਆਦਿ ਕਰਮਾਂ ਦੇ ਰੂਪ ਵਿੱਚ ਜੋ ਪਰਿਨਮਨ ਹੁੰਦਾ ਹੈ, ਉਸ ਦੀ ਕਰਤਾ ਵੀ ਆਤਮਾ ਨਹੀਂ ਹੁੰਦੀ। ਜੋ ਇਸ ਨੂੰ ਜਾਣਦਾ ਹੈ, ਉਹ ਗਿਆਨੀ ਹੈ। - 102

ਆਤਮਾ ਦਾ ਸ਼ੁਭ ਅਤੇ ਅਸ਼ੁਭ ਜੋ ਵੀ ਭਾਵ ਹੁੰਦਾ ਹੈ, ਉਹ ਉਸ ਭਾਵ ਦੀ ਕਰਤਾ ਜ਼ਰੂਰ ਹੈ। ਉਹ ਭਾਵ ਆਤਮਾ ਦਾ ਕਰਮ ਹੈ ਅਤੇ ਆਤਮਾ ਨੂੰ ਆਪਦੇ ਉਸ ਭਾਵ ਰੂਪੀ ਕਰਮ ਨੂੰ ਭੋਗਣਾ ਪੈਂਦਾ ਹੈ। - 102

ਜੋ ਗੁਣ ਜਿਸ ਦਰੱਵ ਵਿੱਚ ਹੁੰਦਾ ਹੈ, ਉਹ ਗੁਣ ਉਸ ਦਰੱਵ ਨੂੰ ਛੱਡ ਕੇ ਕਿਸੇ ਹੋਰ ਦਰੱਵ ਵਿੱਚ ਨਹੀਂ ਜਾਂਦਾ। ਅਜਿਹੇ ਵਿੱਚ ਉਹ ਕਿਸੇ ਹੋਰ ਦਰੱਵ ਦਾ ਪਰਿਨਮਨ ਕਿਵੇਂ ਕਰ ਸਕਦਾ ਹੈ ? - 103

ਆਤਮਾ ਪੁਦਗਲ ਵਾਲੇ ਕਰਮ ਵਿੱਚ ਦਰੱਵ ਅਤੇ ਗੁਣ ਨੂੰ ਉਤਪੰਨ ਨਹੀਂ ਕਰਦੀ। ਜਦੋਂ ਉਹ ਉਨ੍ਹਾਂ ਦੋਹਾਂ ਨੂੰ ਉਤਪੰਨ ਨਹੀਂ ਕਰਦੀ ਤਾਂ ਉਹ ਉਨ੍ਹਾਂ ਦੀ ਕਰਤਾ ਕਿਵੇਂ ਹੋ ਸਕਦੀ ਹੈ ? - 104

ਆਤਮਾ ਸਿਰਫ਼ ਨਿਮਿਤ ਹੁੰਦੀ ਹੈ। ਨਿਮਿਤ ਹੋਣ ਨਾਲ ਉਸ ਨੂੰ ਜੋ ਕਰਮ ਬੰਧ ਹੁੰਦਾ ਹੈ, ਉਸ ਨੂੰ ਵੇਖ ਕੇ ਹੀ ਇਹ ਆਖਿਆ ਜਾ ਸਕਦਾ ਹੈ ਕਿ ਕਰਮ ਆਤਮਾ ਰਾਹੀਂ ਕੀਤਾ ਗਿਆ ਹੈ। - 105

ਜਿਵੇਂ ਯੋਧਿਆਂ ਰਾਹੀਂ ਕੀਤੇ ਗਏ ਯੁੱਧ ਨੂੰ ਲੋਕ ਰਾਜਾ ਰਾਹੀਂ ਕੀਤਾ ਗਿਆ ਯੁੱਧ ਆਖਦੇ ਹਨ ਉਸੇ ਤਰ੍ਹਾਂ ਵਿਵਹਾਰ ਨਯ

ਤੋਂ ਹੀ ਇਹ ਕਿਹਾ ਜਾਂਦਾ ਹੈ ਕਿ ਗਿਆਨਾਵਰਨੀਆ ਕਰਮ ਆਤਮਾ ਦੁਆਰਾ ਕੀਤੇ ਗਏ ਹਨ। - 106

ਇਹ ਕਥਨ ਪੂਰੀ ਤਰ੍ਹਾਂ ਵਿਵਹਾਰ ਨਯ ਦਾ ਹੀ ਹੈ ਕਿ ਆਤਮਾ ਪੁਦਗਲ ਦਰੱਵ ਨੂੰ ਪੈਦਾ ਕਰਦੀ ਹੈ। ਰੂਪ, ਆਕਾਰ ਦਿੰਦੀ ਹੈ, ਬੰਨ੍ਹਦੀ ਹੈ, ਪਰਿਨਮਨ ਕਰਦੀ ਹੈ ਅਤੇ ਅੰਗੀਕਾਰ ਕਰਦੀ ਹੈ। - 107

ਜਿਵੇਂ ਰਾਜਾ ਨੂੰ ਵਿਵਹਾਰ ਨਯ ਤੋਂ ਹੀ ਪ੍ਰਜਾ ਵਿੱਚ ਗੁਣ ਦੋਸ਼ ਉਤਪੰਨ ਕਰਨ ਵਾਲਾ ਕਿਹਾ ਜਾਂਦਾ ਹੈ ਇਸੇ ਤਰ੍ਹਾਂ ਆਤਮਾ ਨੂੰ ਵੀ ਵਿਵਹਾਰ ਨਯ ਤੋਂ ਹੀ ਪੁਦਗਲ ਦਰੱਵ ਦੇ ਗੁਣ ਦੋਸ਼ ਉਤਪੰਨ ਕਰਨ ਵਾਲਾ ਕਿਹਾ ਜਾਂਦਾ ਹੈ। - 108

ਮਿੱਥਿਆਤਵ, ਆਵਿਰਤੀ, ਕਸ਼ਾਏ ਅਤੇ ਯੋਗ ਇਹ ਚਾਰ ਪ੍ਰਤਯੱਯ ਆਮ ਰੂਪ ਵਿੱਚ ਕਰਮਬੰਧ ਕਰਨ ਵਾਲੇ ਭਾਵ ਕਰਮ ਬੰਧਨ ਦੇ ਕਾਰਨ ਆਖੇ ਜਾਂਦੇ ਹਨ। - 109

ਅਤੇ ਫਿਰ ਉਨ੍ਹਾਂ ਦੀ (ਉਕਤ ਚਾਰ ਪ੍ਰਤਯੱਯਾਂ ਦੀ) ਮਿੱਥਿਆ ਦ੍ਰਿਸ਼ਟੀ ਤੋਂ ਲੈ ਕੇ ਸੰਯੋਗ ਕੇਵਲੀ ਤੱਕ ਗੁਣ ਸਥਾਨ ਦੇ ਨਾਮ ਤੋਂ ਤੇਰ੍ਹਾਂ ਭੇਦ ਹੋ ਜਾਂਦੇ ਹਨ। - 110

ਪੁਦਗਲ ਕਰਮਾਂ ਦੇ ਉਦੈ ਤੋਂ ਉਤਪੰਨ ਹੋਣ ਦੇ ਕਾਰਨ ਉਪਰੋਕਤ ਗੁਣ ਸਥਾਨ ਅਚੇਤਨ ਹੈ, ਬੇਜਾਨ ਹੈ। ਇਸ ਲਈ ਜੇ ਉਹ ਕਰਮ ਕਰਦੇ ਹਨ ਤਾਂ ਉਨ੍ਹਾਂ ਦੇ ਕਰਮਾਂ ਦੀ ਭੋਗਤਾ ਆਤਮਾ ਕਿਵੇਂ ਕਰ ਸਕਦੀ ਹੈ। - 111

ਅਤੇ ਫਿਰ ਜਦੋਂ ਇਹ ਗੁਣ ਸਥਾਨ ਨਾਮਕ ਪ੍ਰਤਯੱਯ ਹੀ ਕਰਮ ਕਰਦੇ ਹਨ ਤਾਂ ਫਿਰ ਇਹ ਹੀ ਤਾਂ ਕਰਮਾਂ ਦੇ ਕਰਤਾ ਹੋਏ। ਆਤਮਾ ਕਰਮਾਂ ਦੀ ਕਰਤਾ ਕਿਵੇਂ ਹੋਈ ? - 112

ਜਿਸ ਪ੍ਰਕਾਰ ਆਤਮਾ ਦੇ ਨਾਲ ਗਿਆਨ ਅਤੇ ਦਰਸ਼ਨ ਦੀ ਅਭਿੰਨਤਾ ਹੈ ਉਸੇ ਤਰ੍ਹਾਂ ਜੇਕਰ ਉਸ ਦੇ ਨਾਲ ਕ੍ਰੋਧ ਦੀ ਵੀ ਅਭਿੰਨਤਾ ਹੋ ਜਾਵੇ ਤਾਂ ਜੀਵ (ਆਤਮਾ) ਅਤੇ ਅਜੀਵ ਇੱਕ ਹੋ ਜਾਣਗੇ। ਉਨ੍ਹਾਂ ਵਿੱਚ ਭਿੰਨਤਾ ਹੀ ਨਹੀਂ ਰਹੇਗੀ। - 113

ਜੇਕਰ ਮਿੱਥਿਆਤਵ ਆਦਿ ਭਾਵ ਕਰਮ, ਦੇਹ ਆਦਿ ਨੋਕਰਮ ਅਤੇ ਗਿਆਨਾਵਰਨੀਆ ਦਰੱਵ ਕਰਮ ਦੇ ਨਾਲ ਆਤਮਾ ਦੀ ਅਭਿੰਨਤਾ ਹੋ ਜਾਵੇਗੀ ਤਾਂ ਸਾਨੂੰ ਇਸ ਤਰੁੱਟੀਪੂਰਨ ਸਿੱਟੇ 'ਤੇ ਪਹੁੰਚਣਾ ਪਵੇਗਾ ਕਿ ਜੋ ਜੀਵ (ਆਤਮਾ) ਹੈ ਉਹ ਅਸਲ ਵਿੱਚ ਅਜੀਵ ਹੀ ਹੈ। - 114

ਇਸ ਦਾ ਹੱਲ (ਸਮਾਧਾਨ) ਇਹ ਹੈ ਕਿ ਅਸੀਂ ਸਵੀਕਾਰ ਕਰੀਏ ਕਿ ਕਰੋਧ ਅਲੱਗ ਹੈ, ਅਤੇ ਉਪਯੋਗਾਤਮਕ (ਗਿਆਨਾਦਰਸ਼ਨਮਈ) ਆਤਮਾ ਅਲੱਗ ਹੈ। ਕਰੋਧ ਦੀ ਤਰ੍ਹਾਂ ਹੀ ਹੋਰ ਸਾਰੇ ਪ੍ਰਤਯੱਯ, ਕਰਮ ਅਤੇ ਨੋਕਰਮ ਵੀ ਆਤਮਾ ਤੋਂ ਅਲੱਗ ਹਨ। - 115

ਜੇਕਰ ਇਹ ਮੰਨ ਲਿਆ ਜਾਵੇ ਕਿ ਪੁਦਗਲ ਦਰੱਵ ਨਾ ਤਾਂ ਜੀਵ ਨਾਲ ਬੰਨ੍ਹਿਆ ਹੋਇਆ ਹੈ ਅਤੇ ਨਾ ਕਰਮ ਭਾਵ ਨਾਲ ਪਰਿਨਮਨ ਕਰਦਾ ਹੈ, ਤਾਂ ਉਹ (ਪੁਦਗਲ ਦਰੱਵ) ਅਪਰਿਨਮਨਸ਼ੀਲ (ਗ਼ੈਰ-ਪਰਿਵਰਤਨਸ਼ੀਲ) ਮੰਨਿਆ ਜਾਵੇਗਾ। - 116

ਜੇਕਰ ਇਹ ਮੰਨਿਆ ਜਾਵੇ ਕਿ ਕਰਮਵਰਗਨਾਵਾਂ ਆਪ ਕਰਮਭਾਵ ਵਿੱਚ ਨਹੀਂ ਬਦਲਦੀਆਂ ਤਾਂ ਫਿਰ ਅਨੇਕਾਂ ਮੱਤਾਂ ਅਨੁਸਾਰ ਸੰਸਾਰ ਦੀ ਹੋਂਦ ਨਹੀਂ ਮੰਨਣੀ ਪਵੇਗੀ। - 117

ਜੇ ਇਹ ਮੰਨਿਆ ਜਾਵੇ ਕਿ ਜੀਵ (ਆਤਮਾ) ਹੀ ਪੁਦਗਲ ਦਰੱਵਾਂ ਨੂੰ ਕਰਮਭਾਵ ਵਿੱਚ ਪਰਿਨਮਨ ਕਰਾਉਂਦਾ ਹੈ ਤਾਂ ਪ੍ਰਸ਼ਨ

ਉੱਠੇਗਾ ਕਿ ਜਦ ਪੁਦਗਲ ਦਰੱਵ ਖੁਦ ਅਪਰਿਨਮਨਸ਼ੀਲ ਹੈ ਤਾਂ ਜੀਵ ਉਸ ਦਾ ਪਰਿਨਮਨ ਕਿਵੇਂ ਕਰਾ ਸਕਦਾ ਹੈ ? – 118

ਜੇ ਇਹ ਮੰਨਿਆ ਜਾਵੇ ਕਿ ਪੁਦਗਲ ਦਰੱਵ ਖੁਦ ਹੀ ਕਰਮ ਕਰਮ ਭਾਵ ਵਿੱਚ ਪਰਿਨਮਨ ਕਰਦਾ ਹੈ ਤਾਂ ਫਿਰ ਇਹ ਕਹਿਣਾ ਗਲਤ ਹੋ ਜਾਵੇਗਾ ਕਿ ਜੀਵ ਪੁਦਗਲ ਦਾ ਕਰਮ ਭਾਵ ਵਿੱਚ ਪਰਿਨਮਨ ਕਰਾਉਂਦਾ ਹੈ। – 119

ਕਰਮ ਰੁਪ ਵਿੱਚ ਪਰਨਿਤ ਹੋਇਆ ਪੁਦਗਲ ਦਰੱਵ ਨਿਯਮ ਤੋਂ ਕਰਮ ਰੂਪ ਹੀ ਹੁੰਦਾ ਹੈ ਅਤੇ ਉਸੇ ਪੁਦਗਲ ਦਰੱਵ ਨੂੰ ਗਿਆਨਾਵਰਨੀਆ ਕਰਮ ਵਿੱਚ ਬਦਲਿਆ ਹੋਇਆ ਸਮਝਣਾ ਚਾਹੀਦਾ ਹੈ। – 120

ਜੇ ਤੁਹਾਡੇ ਵਿਚਾਰ ਨਾਲ ਇਹ ਆਤਮਾ ਖੁਦ ਕਰਮਾਂ ਨਾਲ ਬੰਨ੍ਹੀ ਹੋਈ ਨਹੀਂ ਹੈ ਅਤੇ ਕ੍ਰੋਧ ਆਦਿ ਭਾਵਾਂ ਤੋਂ ਖੁਦ ਪਰਿਨਮਨ ਵੀ ਨਹੀਂ ਕਰਦੀ ਤਾਂ ਉਹ ਅਪਰਿਨਾਮੀ (ਨਾ ਤਬਦੀਲ) ਹੋਈ। – 121

ਜੇਕਰ ਆਤਮਾ ਨਾ ਪਰਿਨਾਮੀ ਮੰਨਿਆ ਜਾਵੇਗਾ ਅਤੇ ਕ੍ਰੋਧ ਆਦਿ ਭਾਵਾਂ ਨੂੰ ਉਸ ਦਾ ਪਰਿਨਮਨ ਹੋਣਾ ਨਹੀਂ ਮੰਨਿਆ ਜਾਵੇਗਾ ਤਾਂ ਸੰਸਾਰ ਦੀ ਅਣਹੋਂਦ ਮੰਨੀ ਜਾਵੇਗੀ ਅਤੇ ਸਾਂਖਯ ਮਤ ਨੂੰ ਸਹੀ ਆਖਣਾ ਪਵੇਗਾ। – 122

ਜੇ ਮੰਨਿਆ ਜਾਵੇ ਕਿ ਪੁਦਗਲ ਕਰਮ, ਉਦਾਹਰਨ ਦੇ ਲਈ ਕ੍ਰੋਧ ਹੀ ਆਤਮਾ ਦਾ ਕ੍ਰੋਧ ਵਿੱਚ ਪਰਿਨਮਨ ਕਰਾ ਦਿਦਾ ਹੈ ਤਾਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਜੋ ਖੁਦ ਪਰਿਨਮਨ ਨਹੀਂ ਕਰ ਸਕਦੇ ਉਸ ਆਤਮਾ ਦਾ ਪਰਿਨਮਨ ਕ੍ਰੋਧ ਕਿਵੇਂ ਕਰਾਉਂਦਾ ਹੈ ? – 123

ਜੇ ਅਜਿਹਾ ਕਿਹਾ ਜਾਵੇ ਕਿ ਆਤਮਾ ਖੁਦ ਕਰੋਧ ਭਾਵ ਵਿੱਚ ਪਰਿਨਮਨ ਕਰਦੀ ਹੈ ਤਾਂ ਪਹਿਲਾਂ ਕਿਹਾ ਗਿਆ ਕਥਨ ਕਿ ਕ੍ਰੋਧ ਹੀ ਆਤਮਾ ਦਾ ਕ੍ਰੋਧ ਵਿੱਚ ਪਰਿਨਮਨ ਕਰਾਉਂਦਾ ਹੈ, ਝੂਠਾ ਸਿੱਧ ਹੁੰਦਾ ਹੈ। - 124

ਇਸ ਲਈ ਅਜਿਹਾ ਮੰਨਣਾ ਚਾਹੀਦਾ ਹੈ ਕਿ ਆਤਮਾ ਜਦੋਂ ਕ੍ਰੋਧ ਦੇ ਉਪਯੋਗ ਵਿੱਚ (ਪ੍ਰਭਾਵ/ਸੰਗਤ ਵਿੱਚ) ਹੁੰਦੀ ਹੈ ਤਦ ਕਰੋਧਸਰੂਪ, ਜਦ ਮਾਣ ਦੇ ਉਪਯੋਗ ਵਿੱਚ ਹੁੰਦੀ ਹੈ ਤਾਂ ਮਾਣਸਰੂਪ, ਜਦ ਮਾਇਆ ਦੇ ਸਰੂਪ ਵਿੱਚ ਹੁੰਦੀ ਹੈ ਤਦ ਮਾਇਆਸਰੂਪ ਅਤੇ ਜਦੋਂ ਲੋਭ ਦੇ ਉਪਯੋਗ ਵਿੱਚ ਹੁੰਦੀ ਹੈ ਤਦ ਲੋਭਸਰੂਪ ਹੋ ਜਾਂਦੀ ਹੈ। - 125

ਆਤਮਾ ਜਿਸ ਸਮੇਂ ਜਿਸ ਭਾਵ ਨੂੰ ਕਰਦੀ ਹੈ, ਉਸ ਸਮੇਂ ਉਸ ਭਾਵ ਦੀ ਕਰਤਾ ਹੁੰਦੀ ਹੈ। ਇਸ ਲਈ ਜੇਕਰ ਉਹ ਗਿਆਨੀ ਵਿੱਚ ਗਿਆਨ ਭਾਵ ਦੀ ਕਰਤਾ ਹੈ, ਤਾਂ ਅਗਿਆਨੀ ਵਿੱਚ ਅਗਿਆਨਭਾਵ ਦੀ ਵੀ ਕਰਤਾ ਹੋਈ। - 126

ਅਗਿਆਨੀ ਦਾ ਭਾਵ ਅਗਿਆਨ ਵਾਲਾ ਹੁੰਦਾ ਹੈ। ਇਸ ਲਈ ਉਹ ਕਰਮ ਨੂੰ ਕਰਦਾ ਹੈ, ਇਸ ਦੇ ਉਲਟ ਗਿਆਨੀ ਦਾ ਭਾਵ ਗਿਆਨ ਵਾਲਾ ਹੁੰਦਾਹ ੈ, ਇਸ ਲਈ ਉਹ ਕਰਮਾਂ ਤੋਂ ਵਿਰਤ ਰਹਿੰਦਾ ਹੈ। - 127

ਗਿਆਨ ਵਾਲੇ ਭਾਵ ਤੋਂ ਗਿਆਨ ਵਾਲਾ ਭਾਵ ਹੀ ਪੈਦਾ ਹੁੰਦਾ ਹੈ। ਇਸ ਲਈ ਗਿਆਨੀ ਦੇ ਸਾਰੇ ਭਾਵ ਗਿਆਨ ਵਾਲੇ ਹੁੰਦੇ ਹਨ। - 128

(ਇਸ ਦੇ ਉਲਟ) ਅਗਿਆਨ ਭਾਵ ਵਾਲੇ ਤੋਂ ਅਗਿਆਨ ਭਾਵ ਪੈਦਾ ਹੁੰਦੇ ਹਨ। ਇਸ ਲਈ ਅਗਿਆਨੀ ਦੇ ਸਾਰੇ ਭਾਵ ਅਗਿਆਨ ਵਾਲੇ ਹੁੰਦੇ ਹਨ। - 129

ਜਿਸ ਤਰ੍ਹਾਂ ਸੋਨੇ ਤੋਂ ਕੁੰਡਲ ਅਤੇ ਲੋਹੇ ਤੋਂ ਕੜੇ ਹੀ ਬਣਦੇ ਹਨ, ਉਸੇ ਤਰ੍ਹਾਂ ਗਿਆਨ ਮਨੁੱਖ ਦੇ ਸਾਰੇ ਭਾਵ ਗਿਆਨ ਵਾਲੇ ਅਤੇ ਅਗਿਆਨੀ ਦੇ ਅਨੇਕ ਪ੍ਰਕਾਰ ਦੇ ਸਾਰੇ ਭਾਵ ਅਗਿਆਨ ਵਾਲੇ ਹੁੰਦੇ ਹਨ। - 130

ਅਗਿਆਨ ਦੇ ਪ੍ਰਗਟ ਹੋਣ 'ਤੇ ਆਤਮਾ ਵਿੱਚ ਅਤੱਤਵ ਦੀ ਬੁੱਧੀ ਭਾਵ ਵਸਤੂ ਦੇ ਸਰੂਪ ਦਾ ਝੂਠਾ ਗਿਆਨ ਅਤੇ ਮਿੱਥਿਆਤਵ ਦੇ ਪ੍ਰਗਟ ਹੋਣ ਨਾਲ ਤੱਤਵ ਦੇ ਪ੍ਰਤੀ ਅਸ਼ਰਧਾ ਉਤਪੰਨ ਹੁੰਦੀ ਹੈ। - 132

ਆਤਮਾ ਵਿੱਚ ਤਿਆਗ ਭਾਵ ਦੀ ਅਣਹੋਂਦ ਅਸੰਜਮ ਭਾਵ ਅਵਿਰਤੀ ਦੇ ਪ੍ਰਗਟ ਹੋਣ ਤੇ ਅਤੇ ਉਪਯੋਗ ਦੀ ਮੈਲ ਕਸ਼ਾਏ ਭਾਵ ਦੇ ਪ੍ਰਗਟ ਹੋਣ ਨਾਲ ਹੁੰਦੀ ਹੈ। - 133

ਇਸੇ ਤਰ੍ਹਾਂ ਮਨ, ਵਚਨ, ਕਾਇਆ ਦੇ ਸ਼ੁਭ-ਅਸ਼ੁਭ ਭਾਵ ਜਾਂ ਕਰਨਯੋਗ-ਨਾ-ਕਰਨਯੋਗ ਹਰਕਾਂ ਨਾਲ ਆਤਮਾ ਦੇ ਉਤਸਾਹ ਨੂੰ ਯੋਗ ਦਾ ਉਦੈ ਹੋਣਾ ਸਮਝਣਾ ਚਾਹੀਦਾ ਹੈ। - 134

ਉਪਰੋਕਤ ਪੰਜ ਭਾਵ ਅਗਿਆਨ, ਮਿੱਥਿਆਵ, ਅਵਿਰਤੀ, ਕਸ਼ਾਏ ਅਤੇ ਯੋਗ ਦੇ ਹੋਣ 'ਤੇ ਜੋ ਕਰਮਵਰਗਨਾ ਪ੍ਰਾਪਤ ਹੁੰਦੀ ਹੈ, ਉਹ ਗਿਆਨਾਵਰਨ ਆਦਿ ਅੱਠ ਪ੍ਰਕਾਰ ਦੇ ਕਰਮਾਂ ਵਿੱਚ ਬਦਲ ਜਾਂਦੀ ਹੈ। - 135

ਅਤੇ ਜਦੋਂ ਉਹ (ਕਰਮਵਰਗਨਾ) ਆਤਮਾ ਦੇ ਨਾਲ ਸਬੰਧ ਹੁੰਦੀ ਹੈ ਤਦ ਉਹ ਅਗਿਅਨ ਆਦਿ ਭਾਵਾਂ ਦਾ ਕਾਰਨ ਆਤਮਾ ਹੀ ਹੁੰਦੀ ਹੈ। - 136

ਆਤਮਾ ਦੇ ਰਾਗ ਆਦਿ ਭਾਵ ਨਿਸ਼ਚੈ ਹੀ ਕਰਮ ਦੇ ਸਹਿਯੋਗੀ ਹੁੰਦੇ ਹਨ ਤਾਂ ਕੀ ਇਸ ਤਰ੍ਹਾਂ ਆਤਮਾ ਅਤੇ ਕਰਮ ਦੋਵੇਂ ਹੀ ਰਾਗ ਆਦਿ ਭਾਵਾਂ ਨੂੰ ਪ੍ਰਾਪਤ ਹੁੰਦੇ ਹਨ ? - 137

ਜੇਕਰ ਸਿਰਫ਼ ਆਤਮਾ ਦੇ ਰਾਗ ਆਦਿ ਭਾਵ ਮੰਨ ਲਏ ਜਾਣ ਤਾਂ ਕਰਮ ਉਦੈ ਦੇ ਕਾਰਨ ਤੋਂ ਬਿਨਾਂ ਵੀ ਹੋ ਜਾਣਾ ਚਾਹੀਦਾ ਹੈ। - 138

ਜੇ ਆਤਮਾ ਦੇ ਨਾਲ ਹੀ ਪੁਦਗਲ ਦਰੱਵ ਦਾ ਕਰਮ ਰੁਪ ਪਰਿਨਮਨ ਹੁੰਦਾ ਹੈ ਤਾਂ ਕੀ ਪੁਦਗਲ ਅਤੇ ਆਤਮਾ ਦੋਵੇਂ ਹੀ ਕਰਮੱਤਵ ਨੂੰ ਪ੍ਰਾਪਤ ਹੋਣਗੇ ? - 139

ਜੇ ਪੁਦਗਲ ਦਰੱਵ ਹੀ ਪਰਿਨਮਨ ਕਰਮ ਵਿੱਚ ਹੁੰਦਾ ਹੈ ਤਾਂ ਕੀ ਉਹ ਆਤਮਾ ਦੇ ਰਾਗ ਆਦਿ ਭਾਵਾਂ ਦੇ ਬਿਨਾਂ ਹੋ ਸਕਦਾ ਹੈ। - 140

ਵਿਵਹਾਰਨਯ ਦਾ ਕਥਨ ਹੈ ਕਿ ਕਰਮ ਆਤਮਾ ਨਾਲ ਬੰਨ੍ਹਿਆ ਹੋਇਆ ਹੈ, ਸਪਰਸ਼ (ਛੋਹ) ਕਰਦਾ ਹੋਇਆ ਹੈ, ਪਰ ਸ਼ੁੱਧ ਨਯ (ਨਿਸ਼ਚੈਨਯ) ਦਾ ਕਥਨ ਹੈ ਕਿ ਕਰਮ ਨਾ ਤਾਂ ਆਤਮਾ ਨਾਲ ਬੰਨ੍ਹਿਆ ਹੋਇਆ ਹੈ ਅਤੇ ਨਾ ਹੀ ਸਪੱਰਸ਼ ਕਰਦਾ ਹੋਇਆ ਹੈ। - 141

ਇੱਕ ਨਯ ਦਾ ਕਥਨ ਹੈ ਕਿ ਕਰਮ ਆਤਮਾ ਨਾਲ ਬੰਨ੍ਹਿਆ ਹੋਇਆ ਹੈ ਅਤੇ ਦੂਸਰੇ ਨਯ ਦਾ ਕਥਨ ਹੈ ਕਿ ਬੰਨ੍ਹਿਆ ਹੋਇਆ ਨਹੀਂ ਹੈ। ਪਰੰਤੂ ਸੱਚਾਈ ਤਾਂ ਇਹ ਹੈ ਕਿ ਜੋ ਸਮੇਂਸਾਰ ਰੂਪ ਆਤਮਾ ਹੈ ਉਹ ਇਨ੍ਹਾਂ ਦੋਹਾਂ ਹੀ ਨਯਾਂ ਤੋਂ ਪਰੇ ਹੈ। - 142

ਆਪਣੀ ਸ਼ੁੱਧ ਆਤਮਾ ਨਾਲ ਜਕੜੇ ਮਨੁੱਖ ਦੋਵੇਂ ਨਯਾਂ ਦੇ ਕਥਨ ਨੂੰ ਜਾਣਦਾ ਤਾਂ ਹੈ ਪਰ ਕਿਸੇ ਵੀ ਨਯ ਦੇ ਪੱਖ ਵਿੱਚ ਖੜ੍ਹਾ ਨਹੀਂ ਹੁੰਦਾ। ਉਹ ਤਾਂ ਨਯਾਂ ਦੇ ਪੱਖਪਾਤ ਤੋਂ ਪਰੇ ਹੁੰਦਾ ਹੈ। - 143

ਜੋ ਸਾਰੇ ਨਯਾਂ ਦੀ ਪਹੁੰਚ ਤੋਂ ਪਰੇ ਹੈ, ਉਸ ਨੂੰ ਸਮੇਸਾਰ ਕਿਹਾ ਗਿਆ ਹੈ। ਸਮੇਸਾਰ ਦਾ ਦੂਸਰਾ ਨਾਂ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਹੈ। - 144

# ਅਧਿਆਇ - 4

## ਪੁੰਨ - ਪਾਪ

ਆਮ ਲੋਕਾਂ ਦੀ ਨਜ਼ਰ ਵਿੱਚ ਤਾਂ ਅਸ਼ੁਭ ਕਰਮ ਪਾਪ ਸਰੂਪ ਅਤੇ ਸ਼ੁਭ ਕਰਮ ਪੁੰਨ ਸਰੂਪ (ਭਾਵ ਪਹਿਲੀ ਨਜ਼ਰ ਤੋਂ ਸ਼ੁਭ ਕਰਮ ਗ੍ਰਹਿਣ ਕਰਨ ਯੋਗ ਹੈ ਅਤੇ ਉਸ ਦਾ ਪੁੰਨ ਲਿਆ ਜਾ ਸਕਦਾ ਹੈ) ਪਰ (ਸ਼ੁੱਧ ਉਪਯੋਗੀ ਗਿਆਨੀ ਮੁਨੀਆਂ ਦੇ ਪੱਧਰ ਤੱਕ) ਸੱਚ ਤਾਂ ਇਹ ਹੈ ਕਿ ਜੋ ਕਰਮ ਸਾਨੂੰ ਸੰਸਾਰ ਵਿੱਚ, ਜਨਮ-ਮਰਨ ਦੇ ਚੱਕਰ ਵਿੱਚ, ਬਣਾ ਕੇ ਰੱਖਦਾ ਹੈ, ਉਹ ਚਾਹੇ ਸ਼ੁਭ ਹੋਵੇ ਜਾਂ ਅਸ਼ੁਭ, ਚੰਗਾ ਕਿਵੇਂ ਕਿਹਾ ਜਾ ਸਕਦਾ ਹੈ ? - 145

ਬੇੜੀ ਚਾਹੇ ਸੋਨੇ ਦੀ ਹੋਵੇ ਜਾਂ ਲੋਹੇ ਦੀ, ਵਿਅਕਤੀ ਨੂੰ ਬੰਨ੍ਹਦੀ ਹੀ ਹੈ। ਇਸੇ ਤਰ੍ਹਾਂ ਵਿਅਕਤੀ ਦਾ ਕੀਤਾ ਹੋਇਆ ਕਰਮ ਚਾਹੇ ਸ਼ੁਭ ਹੋਵੇ ਜਾਂ ਅਸ਼ੁਭ, ਉਸ ਨੂੰ ਬੰਨ੍ਹ ਕੇ ਰੱਖਦਾ ਹੈ। - 146

ਇਸ ਲਈ ਸ਼ੁਭ ਜਾਂ ਅਸ਼ੁਭ ਇਨ੍ਹਾਂ ਦੋਵੇਂ ਕੁਸ਼ੀਲਾਂ ਨਾਲ ਪ੍ਰੇਮ ਨਾ ਕਰੋ। ਉਨ੍ਹਾਂ ਨਾਲ ਕੋਈ ਸਬੰਧ ਨਾ ਰੱਖੋ। ਕੁਸ਼ੀਲ ਨਾਲ ਪ੍ਰੇਮ ਕਰਨ ਅਤੇ ਉਸ ਨਾਲ ਸਬੰਧ ਰੱਖਣ ਨਾਲ ਤੁਹਾਡੀ ਆਜ਼ਾਦੀ ਨਸ਼ਟ ਹੁੰਦੀ ਹੈ। - 147

ਜਿਸ ਤਰ੍ਹਾਂ ਕੋਈ ਮਨੁੱਖ ਕਿਸੇ ਨੂੰ ਬੁਰੇ ਸੁਭਾਅ ਦਾ ਮੰਨ ਕੇ ਉਸ ਦੇ ਪ੍ਰੇਮ ਅਤੇ ਉਸ ਦੇ ਨਾਲ ਆਪਣੇ ਸਬੰਧ ਨੂੰ ਛੱਡ ਦਿੰਦਾ ਹੈ, ਉਸੇ ਤਰ੍ਹਾਂ ਗਿਆਨੀ ਵਿਅਕਤੀ (ਤਿੰਨ ਗੁਪਤੀਆਂ ਦੇ ਧਾਰਮ ਸ਼ੁਧੋਪਯੋਗੀ ਮੁਨੀ) ਸਾਰੀਆਂ ਕਰਮ ਪ੍ਰਕ੍ਰਿਤੀਆਂ ਦੇ ਸ਼ੀਲ-ਸੁਭਾਅ ਨੂੰ ਬੁਰਾ ਸਮਝਦੇ ਹੋਏ ਉਨ੍ਹਾਂ ਨਾਲ ਪ੍ਰੇਮ ਅਤੇ ਸਬੰਧ ਰੱਖਣਾ ਛੱਡ ਦਿੰਦਾ ਹੈ ਅਤੇ ਆਪਣੇ ਹੀ ਸੁਭਾਅ ਵਿੱਚ ਲੀਨ ਹੋ ਜਾਂਦਾ ਹੈ। - 148, 149

ਜਿਨੇਂਦਰ ਭਗਵਾਨ ਦਾ ਉਪਦੇਸ਼ ਹੈ ਕਿ ਕਰਮ ਦੇ ਪ੍ਰਤੀ ਰਾਗ ਰੱਖਣ ਵਾਲਾ ਮਨੁੱਖ ਕਰਮ ਦੇ ਬੰਧਨ ਵਿੱਚ ਬੰਨ੍ਹਦਾ ਹੈ ਅਤੇ ਕਰਮ ਦੇ ਪ੍ਰਤੀ ਵੈਰਾਗ ਰੱਖਣ ਵਾਲਾ ਵਿਅਕਤੀ ਕਰਮ ਦੇ ਬੰਧਨ ਤੋਂ ਛੁੱਟਦਾ ਹੈ। ਇਸ ਲਈ ਕਰਮ ਰਾਗ ਤੋਂ ਬਚਣਾ ਚਾਹੀਦਾ ਹੈ। - 150

ਆਤਮਾ ਸ਼ੁੱਧ, ਕੇਵਲੀ, ਮੁਨੀ ਅਤੇ ਗਿਆਨੀ ਹੈ। ਉਹ ਪਰਮਾਰਥ ਸਰੂਪ ਹੈ। ਉਸ ਵਿੱਚ ਇੱਕਮਿੱਕ ਹੋਏ ਮੁਨੀ ਨੂੰ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ। - 151

ਉਸ ਪਰਮਾਰਥ ਸਰੂਪ/ਗਿਆਨ ਸਰੂਪ ਆਤਮਾ ਵਿੱਚ ਸਥਿਤ ਹੋਏ ਬਿਨਾਂ ਜੋ ਤਪ ਕੀਤਾ ਜਾਂਦਾ ਹੈ ਅਤੇ ਜੋ ਵਰਤ ਧਾਰਨ ਕੀਤੇ ਜਾਂਦੇ ਹਨ ਸਭ ਕੁਝ ਜਾਨਣ ਵਾਲੇ (ਜਿਨੇਂਦਰ ਵਾਲੇ) ਦੇਵ ਉਸ ਤਪ ਅਤੇ ਉਨ੍ਹਾਂ ਵਰਤਾਂ ਨੂੰ ਅਗਿਆਨ ਤਪ ਅਤੇ ਅਗਿਆਨ ਵਰਤ ਆਖਦੇ ਹਨ। - 152

ਜੋ ਮਨੁੱਖ ਵਰਤ ਅਤੇ ਨਿਯਮਾਂ ਨੂੰ ਧਾਰਨ ਕਰਦੇ ਹਨ ਅਤੇ ਸ਼ੀਲ ਅਤੇ ਤਪ ਕਰਦੇ ਹਨ ਪਰੰਤੂ ਪਰਮਾਰਥ ਸਰੂਪ ਆਤਮਾ ਦੇ ਕੋਲ ਨਹੀਂ ਜਾਂਦੇ, ਉਨ੍ਹਾਂ ਨੂੰ ਮੋਕਸ਼ ਨਹੀਂ ਮਿਲਦਾ। - 153

ਪਰਮਾਰਥ ਸਰੂਪ ਆਤਮਾ ਦੇ ਨੇੜੇ ਨਾ ਜਾਣ ਵਾਲੇ ਮਨੁੱਖ ਅਗਿਆਨ ਵੱਸ ਪੁੰਨ ਦੀ ਕਾਮਨਾ ਕਰਦੇ ਹਨ, ਜਦ ਕਿ ਪੁੰਨ ਤਾਂ ਸੰਸਾਰ ਦਾ ਯਾਨਿ ਜਨਮ ਮਰਨ ਦੇ ਚੱਕਰ ਦਾ ਕਾਰਨ ਹੈ। ਅਜਿਹੇ ਮਨੁੱਖ ਮੋਕਸ਼ ਦੇ ਲਈ (ਪਰਮਾਰਥ ਸਰੂਪ ਆਤਮਾ) ਨੂੰ ਪਹਿਚਾਣਦੇ ਹੀ ਨਹੀਂ ਹਨ। - 154

ਜੀਵ (ਆਤਮਾ) ਆਦਿ ਤਤਵਾਂ ਦੇ ਪ੍ਰਤੀ ਅਟੁੱਟ ਸ਼ਰਧਾ ਸੱਮਿਅਕ ਦਰਸ਼ਨ ਹੈ। ਇਨ੍ਹਾਂ ਤੱਤਵਾਂ ਦਾ ਗਿਆਨ ਹੀ ਸੱਮਿਅਕ ਗਿਆਨ ਹੈ, ਅਤੇ ਰਾਗ ਆਦਿ ਦਾ ਪਰਿਤਿਆਗ ਹੀ ਸੱਮਿਅਕ

ਚਰਿੱਤਰ ਹੈ। ਇਹੀ ਭਾਵ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਰਿੱਤਰ ਦਾ ਮੇਲ ਹੀ ਮੁਕਤੀ ਦਾ ਰਾਹ ਹੈ। – 155

ਵਿਦਵਾਨ ਮੁਨੀ ਨਿਸ਼ਚਯਾਰਥ (ਪਰਮਾਰਥ) ਨੂੰ ਛੱਡ ਕੇ ਵਿਵਹਾਰ ਵਿੱਚ ਨਹੀਂ ਜੁੜਦੇ ਕਿਉਂਕਿ ਕਰਮ ਦਾ ਖ਼ਾਤਮਾ ਤਾਂ ਉਨ੍ਹਾਂ ਮੁਨੀਆਂ ਦਾ ਹੁਦਾ ਹੈ ਜੋ ਨਿਸ਼ਚਯਾਰਥ (ਪਰਮਾਰਥ) ਦਾ ਭਾਵ ਆਤਮ ਸਰੂਪ ਦਾ ਆਸਰਾ ਲੈਂਦੇ ਹਨ। – 156

ਜਿਵੇਂ ਮੈਲ ਨਾਲ ਕੱਪੜੇ ਦੀ ਸਫ਼ੈਦੀ ਖ਼ਤਮ ਹੋ ਜਾਂਦੀ ਹੈ ਉਸੇ ਤਰ੍ਹਾਂ ਮਿੱਥਿਆਤਵ ਦੇ ਮੈਲ ਨਾਲ ਢਕੇ ਜਾਣ ਕਾਰਨ ਆਤਮਾ ਦਾ ਸੱਮਿਅਕ ਦਰਸ਼ਨ ਗੁਣ ਸਮਾਪਤ ਹੋ ਜਾਂਦਾ ਹੈ। – 157

ਜਿਵੇਂ ਮੈਲ ਤੋਂ ਕੱਪੜੇ ਦੀ ਸਫ਼ੈਦੀ ਖ਼ਤਮ ਹੋ ਜਾਂਦੀ ਹੈ ਉਸੇ ਤਰ੍ਹਾਂ ਅਗਿਆਨ ਦੀ ਮੈਲ ਨਾਲ ਢਕੇ ਜਾਣ ’ਤੇ ਆਤਮਾ ਦਾ ਗਿਆਨ ਗੁਣ ਖ਼ਤਮ ਹੋ ਜਾਂਦਾ ਹੈ। – 158

ਜਿਵੇਂ ਮੈਲ ਤੋਂ ਕੱਪੜੇ ਦੀ ਸਫ਼ੈਦੀ ਖ਼ਤਮ ਹੋ ਜਾਂਦੀ ਹੈ ਉਸੇ ਤਰ੍ਹਾਂ ਕਸ਼ਾਏ ਦਾ ਮੈਲ ਆਤਮਾ ਦੇ ਚਰਿੱਤਰ ਗੁਣ ਨੂੰ ਖ਼ਤਮ ਕਰ ਦਿੰਦਾ ਹੈ। – 159

ਆਤਮਾ ਤਾਂ ਸੁਭਾਅ ਤੋਂ ਹੀ ਸਭ ਜਾਣ ਸਕਣ ਅਤੇ ਸਭ ਦੇਖ ਸਕਣ ਵਾਲੀ ਹੈ। ਪਰੰਤੂ ਆਪਣੇ ਕਰਮਾਂ ਦੀ ਧੂੜ ਨਾਲ ਢਕੇ ਹੋਣ ਕਾਰਨ ਉਹ ਸੰਸਾਰ ਵਿੱਚ ਆ ਗਈ ਹੈ। ਇਸ ਲਈ ਸਭ ਤਰ੍ਹਾਂ ਨਾਲ ਸਭ ਨੂੰ ਨਹੀਂ ਜਾਣਦੀ। – 160

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਮਿੱਥਿਆਤਵ ਸੱਮਿਅਕਤਵ ਦੀ ਰੁਕਾਵਟ ਹੈ ਅਤੇ ਉਸ ਦੇ ਉਦੈ ਨਾਲ ਆਤਮਾ ਮਿੱਥਿਆ ਦ੍ਰਿਸ਼ਟੀ ਹੋ ਜਾਂਦੀ ਹੈ। – 161

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਅਗਿਆਨ ਗਿਆਨ ਦੀ ਰੁਕਾਵਟ ਹੈ ਅਤੇ ਉਸ ਦੇ ਉਦੈ ਨਾਲ ਆਤਮਾ ਅਗਿਆਨੀ ਹੋ ਜਾਂਦੀ ਹੈ। - 162

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਕਸ਼ਾਏ ਚਰਿੱਤਰ ਗੁਣ ਦਾ ਦੀ ਰੁਕਾਵਟ ਹੈ ਅਤੇ ਉਸ ਦੇ ਉਦੈ ਨਾਲ ਆਤਮਾ ਅਚਰਿੱਤਰੀ ਹੋ ਜਾਂਦੀ ਹੈ। - 163

# ਅਧਿਆਇ - 5

## ਆਸ਼ਰਵ

ਮਿੱਥਿਆਤਵ, ਅਵਿਰਤੀ, ਕਸ਼ਾਏ ਤੇ ਯੋਗ ਇਹ ਆਸ਼ਰਵ ਦੇ ਚਾਰ ਭੇਦ ਹਨ। ਚੇਤਨ ਤੇ ਜੜ ਪੁਦਗਲ ਦੇ ਆਧਾਰ 'ਤੇ ਵੀ ਇਹ ਚਾਰ ਵੀ ਦੋ-ਦੋ ਪ੍ਰਕਾਰ ਦੇ ਹਨ। ਭਾਵੇਂ ਚੇਤਨ ਦੇ ਵਿਕਾਰਾ ਦੇ ਆਧਾਰਤ 'ਤੇ ਆਤਮਾ ਵਿੱਚ ਉਨ੍ਹਾਂ ਦੇ ਹੋਰ ਵੀ ਕਈ ਪ੍ਰਕਾਰ ਹਨ। ਇਹ ਸਾਰੇ ਪ੍ਰਕਾਰ ਆਤਮਾ ਦੇ ਹੀ ਪਰਿਨਾਮ (ਭਾਵ) ਹਨ। ਆਤਮਾ ਦੇ ਰਾਗ ਦਵੇਸ਼ ਆਦਿ ਭਾਵਾਂ ਨਾਲ ਮਿੱਥਿਆਤਵ ਦਾ ਅਤੇ ਮਿੱਥਿਆਤਵ ਤੋਂ ਗਿਆਨਾਵਰਨੀਆ ਕਰਮਾਂ ਦਾ ਬੰਧਨ ਹੁੰਦਾ ਹੈ। - 164, 165

ਸੱਮਿਅਕ ਦ੍ਰਿਸ਼ਟੀ ਭਾਵ ਸਮਿਅਕਤਵ ਦੀ ਧਨੀ ਆਤਮਾ ਨੂੰ ਆਸ਼ਰਵ ਬੰਧ ਨਹੀਂ ਹੁੰਦ ਹੈ। ਉਸ ਦੇ ਆਸ਼ਰਵ ਦਾ ਨਿਰੋਧ ਹੁੰਦਾ ਹੈ। ਦਰਅਸਲ ਸੱਮਿਅਕਤਵ ਉਸ ਨੂੰ ਨਵੇਂ ਕਰਮ ਬੰਧਨ ਤੋਂ ਬਚਾਅ ਕੇ ਰੱਖਦਾ ਹੈ। ਇਸੇ ਤਰ੍ਹਾਂ ਸੱਮਿਅਕਤਵ ਪ੍ਰਾਪਤ ਹੋਣ ਤੋਂ ਪਹਿਲਾਂ ਹੀ ਕਾਲ ਅਵਧੀ (ਸਮਾਂ) ਵਿੱਚ ਉਸ ਨੂੰ ਜਿਹੜੇ ਕਰਮਾਂ ਦਾ ਬੰਧ ਹੋਇਆ ਸੀ ਉਨ੍ਹਾਂ ਪਹਿਲੇ ਕਰਮਾਂ ਦੇ ਬੰਧ ਨੂੰ ਇਹ ਜਾਣਦੀ ਤਾਂ ਹੈ ਪਰੰਤੂ ਉਨ੍ਹਾਂ ਨਾਲ ਚਿਮਟਦੀ ਨਹੀਂ। - 166

ਆਤਮਾ ਦਾ ਰਾਗ ਆਦਿ ਨਾਲ ਜੁੜਿਆ ਭਾਵ ਕਰਮਬੰਧ ਦਾ ਕਾਰਨ ਹੁੰਦਾ ਹੈ। ਇਸ ਦੇ ਉਲਟ ਆਤਮਾ ਦਾ ਰਾਗ ਆਦਿ ਤੋਂ ਰਹਿਤ ਭਾਵ ਕਰਮ ਬੰਧ ਦਾ ਕਾਰਨ ਨਹੀਂ ਹੁੰਦਾ। ਇਹ ਸਿਰਫ਼ ਜਾਨਣਵਾਲਾ (ਗਾਯਕ) ਹੁੰਦਾ ਹੈ। - 167

ਜਿਵੇਂ ਪੱਕ ਕੇ ਡਿੱਗਿਆ ਹੋਇਆ ਫਲ ਫਿਰ ਟਾਹਣੀ ਨਾਲ ਨਹੀਂ ਲੱਗਦਾ ਉਵੇਂ ਹੀ ਗਿਆਨ ਨਾਲ ਸੰਪੰਨ ਆਤਮਾ ਦੇ ਪੁਦਗਲ

ਕਰਮ ਭਾਵ ਪੱਕ ਕੇ ਝੜ ਜਾਣ ਤੋਂ ਬਾਅਦ ਫਿਰ ਉਦੈ ਨੂੰ ਪ੍ਰਾਪਤ ਨਹੀਂ ਹੁੰਦੇ। - 168

ਗਿਆਨੀ ਆਤਮਾ ਆਪਣੀ ਪਹਿਲੀ ਅਗਿਆਨ ਅਵਸਥਾ ਵਿੱਚ ਜਿਨ੍ਹਾਂ ਪੁਦਗਲ ਕਰਮ ਭਾਵਾਂ ਦਾ ਬੰਧ ਕਰ ਚੁੱਕੀ ਹੁੰਦੀ ਹੈ, ਉਹ ਪ੍ਰਿਥਵੀ ਪਿੰਡ ਦੀ ਤਰ੍ਹਾਂ ਉਸ ਦੇ ਕਾਰਮਣ ਸਰੀਰ ਨਾਲ ਬੰਨ੍ਹੇ ਰਹਿੰਦੇ ਹਨ। - 169

ਜੇ ਗਿਆਨ-ਦਰਸ਼ਨ ਦੇ ਮਾਮਲੇ ਵਿੱਚ ਆਤਮਾ ਦੀ ਘੱਟ ਸਥਿਤੀ ਹੋਵੇ, ਤਾਂ ਮਿੱਥਿਆਤਵ, ਅਵਿਰਤੀ, ਕਸ਼ਾਏ ਅਤੇ ਯੋਗ ਇਨ੍ਹਾਂ ਚਾਰ ਆਸ਼ਰਵਾਂ ਦੇ ਕਿੰਨੇ ਪ੍ਰਕਾਰ ਦੇ ਭੇਦ ਉਸ ਨੂੰ ਬੰਨ੍ਹੀ ਰੱਖਦੇ ਹਨ। ਪਰੰਤੂ ਉਹ ਗਿਆਨੀ ਆਤਮਾ ਨੂੰ ਨਹੀਂ ਬੰਨ੍ਹ ਸਕਦੇ। - 170

ਆਤਮਾ ਦਾ ਗਿਆਨ ਗੁਣ ਜਦੋਂ ਤੱਕ ਘੱਟ ਅਵਸਥਾ ਵਿੱਚ ਰਹਿੰਦਾ ਹੈ ਤਦ ਤੱਕ ਉਹ ਹੋਰ ਤਰ੍ਹਾਂ ਦੇ ਪਰਿਨਮਣ ਕਰਦਾ ਹੈ। ਭਾਵ ਵਿਕਲਪਾਂ ਵਿੱਚ ਰਹਿੰਦਾ ਹੈ। ਇਸ ਲਈ ਉਸ ਸਮੇਂ ਉਹ ਗਿਆਨ ਗੁਣ ਕਰਮਬੰਧ ਦਾ ਕਾਰਨ ਹੁੰਦਾ ਹੈ। - 171

ਜਦੋਂ ਤੱਕ ਦਰਸ਼ਨ, ਗਿਆਨ, ਚਾਰਿੱਤਰ ਘੱਟ ਅਵਸਥਾ ਵਿੱਚ ਰਹਿੰਦੇ ਹਨ ਤਦ ਤੱਕ ਗਿਆਨ ਦੀ ਭੰਡਾਰ ਆਤਮਾ ਕਈ ਪ੍ਰਕਾਰ ਦੇ ਪੁਦਗਲ ਕਰਮਾਂ ਨਾਲ ਬੰਨ੍ਹੀ ਰਹਿੰਦੀ ਹੈ। - 172

ਸੱਮਿਅਕ ਦ੍ਰਿਸ਼ਟੀ ਆਤਮਾ ਦੇ ਪਹਿਲੇ ਸਮੇਜ ਦੇ ਯਾਨੀ ਅਗਿਆਨ ਅਵਸਥਾ ਦੇ ਮਿੱਥਿਆਤਵ ਆਦਿ ਆਸ਼ਰਵ ਵਰਤਮਾਨ ਵਿੱਚ ਵੀ ਹੋਂਦ ਵਿੱਚ ਬਣੇ ਰਹਿੰਦੇ ਹਨ। ਉਹ ਉਪਯੋਗ ਦੇ ਵਰਤਮਾਨ ਪ੍ਰਯੋਗ ਅਨੁਸਾਰ ਉਦੈ ਵਿੱਚ ਆਉਂਦੇ ਅਤੇ ਬੰਧ ਨੂੰ ਪ੍ਰਾਪਤ ਹੁੰਦੇ ਹਨ। - 173

ਜਿਵੇਂ ਘੱਟ ਉਮਰ ਦੇ ਕਾਰਨ ਭੋਗਨ ਯੋਗ ਇਸਤਰੀ ਨੌਜੁਆਨ ਹੋਣ 'ਤੇ ਹੀ ਪੁਰਸ਼ ਦੇ ਭੋਗਨ ਯੋਗ ਹੋ ਕੇ ਉਸ ਨੂੰ ਆਪਣੇ ਰਾਗ ਵਿੱਚ ਬੰਨ੍ਹਦੀ ਹੈ, ਉਸੇ ਤਰ੍ਹਾਂ ਹੀ ਪਹਿਲਾਂ ਇਕੱਠੇ ਕੀਤੇ ਗਏ ਕਰਮ ਉਦੈ ਵਿੱਚ ਆਏ ਬਿਨਾਂ ਅਭੋਗ ਬਣੇ ਰਹਿੰਦੇ ਹਨ ਅਤੇ ਉਦੈ ਵਿੱਚ ਆਉਣ 'ਤੇ ਭੋਗਨ ਯੋਗ ਹੋ ਕੇ ਗਿਆਨਾਵਰਨਾਦਿ (ਆਯੂ ਕਰਮ ਤੋਂ ਬਿਨਾਂ) ਸੱਤ ਅਤੇ (ਆਯੁਕਰਮ ਸਹਿਤ) ਅੱਠ ਪ੍ਰਕਾਰ ਦੇ ਕਰਮਾਂ ਨਾਲ ਆਤਮਾ ਨੂੰ ਬੰਨ੍ਹਦੇ ਹਨ। - 174, 175

ਇਸ ਲਈ ਕਿਹਾ ਗਿਆ ਹੈ ਕਿ ਰਾਗ ਆਦਿ ਭਾਵਾਂ ਦੀ ਅਣਹੋਂਦ ਵਿੱਚ ਮਿੱਥਿਆਤਵ ਆਦਿ ਆਸ਼ਰਵ ਸੱਮਿਅਕ ਦ੍ਰਿਸ਼ਟੀ ਆਤਮਾ ਨੂੰ ਨਹੀਂ ਬੰਨ੍ਹ ਸਕਦੇ। - 176

ਸੱਮਿਅਕ ਦ੍ਰਿਸ਼ਟੀ ਆਤਮਾ ਰਾਗ, ਦਵੇਸ਼, ਮੋਹ ਆਦਿ ਆਸ਼ਰਵਾਂ ਤੋਂ ਗ੍ਰਸਤ ਨਹੀਂ ਹੁੰਦੀ। ਇਸ ਲਈ ਉਸ ਨੂੰ ਕਰਮ ਬੰਧ ਨਾਲ ਬੰਨਣ ਦਾ ਮੌਕਾ ਦਰੱਵ ਪ੍ਰਤਯਯਾਂ ਨੂੰ ਨਹੀਂ ਮਿਲਦਾ। - 177

ਮਿੱਥਿਆਤਵ, ਅਵਿਰਤੀ, ਕਸ਼ਾਏ ਅਤੇ ਯੋਗ ਇਨ੍ਹਾਂ ਚਾਰਾਂ ਨੂੰ ਗਿਆਨਾਵਰਨੀਆ ਆਦਿ ਅੱਠ ਪ੍ਰਕਾਰ ਦੇ ਕਰਮ ਬੰਧ ਦਾ ਕਾਰਨ ਕਿਹਾ ਗਿਆ ਹੈ। ਪਰੰਤੂ ਇਹ ਕਾਰਨ ਤਦ ਕੰਮ ਕਰਦੇ ਹਨ ਜਦ ਆਤਮਾ ਵਿੱਚ ਰਾਗ ਆਦਿ ਭਾਵ ਹੋਵੇ। ਕਿਉਂਜਕਿ ਸੱਮਿਅਕ ਦ੍ਰਿਸ਼ਟੀ ਆਤਮਾ ਵਿੱਚ ਰਾਗ ਆਦਿ ਭਾਵ ਨਹੀਂ ਹੁੰਦੇ, ਇਸ ਲਈ ਉਸ ਨੂੰ ਕਰਮ ਬੰਧ ਨਹੀਂ ਹੁੰਦਾ। - 178

ਜਿਵੇਂ ਮਨੁੱਖ ਦੁਆਰਾ ਤਿਆਰ ਕੀਤਾ ਗਿਆ ਭੋਜਨ ਉਸ ਦੀ ਜਠਰ ਅਗਨੀ ਦੇ ਸਹਿਯੋਗ ਨਾਲ ਮਾਸ, ਚਰਬੀ, ਖ਼ੂਨ ਆਦਿ ਵਿੱਚ ਬਦਲ ਜਾਦਾ ਹੈ, ਉਸੇ ਤਰ੍ਹਾਂ ਹੀ ਸ਼ੁੱਧ ਨਯ ਦੇ ਗਿਆਨੀ ਦੇ ਪਹਿਲੇ ਦਰੱਵਾਸ਼ਰਵ ਉਸ ਦੇ ਸ਼ੁੱਧ ਨਯ ਨਾਲ ਮਿਲ ਕੇ ਰਾਗ

ਆਦਿ ਦਾ ਨਿਮਿਤ ਪ੍ਰਾਪਤ ਕਰਕੇ ਅਨੇਕ ਭੇਦ-ਅਭੇਦ ਵਾਲੇ ਕਰਮਾਂ ਦਾ ਬੰਧ ਕਰਦੇ ਹਨ - 179, 180

# ਅਧਿਆਇ - 6

## ਸੰਬਰ

(ਚੇਤਨ ਦਾ ਪਰਿਨਮਨ ਹੋਣ ਦੇ ਕਾਰਨ) ਉਪਯੋਗ (ਆਤਮਾ ਦੇ ਗੁਣ ਗਿਆਨ, ਦਰਸ਼ਨ) ਵਿੱਚ ਉਪਯੋਗ ਹੀ ਹੁੰਦਾ ਹੈ। (ਭਾਵ ਕਰਮ ਹੋਣ ਦੇ ਕਾਰਨ) ਕ੍ਰੋਧ ਆਦਿ ਵਿੱਚ ਉਪਯੋਗ ਨਹੀਂ ਹੁੰਦਾ। ਇਸ ਪ੍ਰਕਾਰ ਕ੍ਰੋਧ ਕ੍ਰੋਧ ਵਿੱਚ ਹੀ ਹੁੰਦਾ ਹੈ, ਉਪਯੋਗ ਵਿੱਚ ਕ੍ਰੋਧ ਨਹੀਂ ਹੁੰਦਾ। ਭਾਵ ਸਭ ਦੀ ਸੁਤੰਤਰ ਸੱਤਾ ਹੈ। ਇੱਕ ਦੇ ਗੁਣ ਅਤੇ ਵਿਸ਼ੇਸ਼ਤਾਵਾਂ ਦੂਸਰੇ ਵਿੱਚ ਨਹੀਂ ਹੁੰਦੀਆਂ। - 181

ਗਿਆਨਾਵਰਨੀਆ ਅੱਠ ਪ੍ਰਕਾਰ ਦੇ ਕਰਮਾਂ ਅਤੇ ਸਰੀਰ ਆਦਿ ਨੋਕਰਮਾਂ ਵਿੱਚ ਉਪਯੋਗ ਨਹੀਂ ਹੁੰਦਾ। ਇਸ ਪ੍ਰਕਾਰ ਉਪਯੋਗ ਵਿੱਚ ਵੀ ਕਰਮ ਅਤੇ ਨੋਕਰਮ ਨਹੀਂ ਹੁੰਦੇ। - 182

ਜਦੋਂ ਆਤਮਾ ਨੂੰ ਸੱਮਿਅਕ ਗਿਆਨ ਹੋ ਜਾਂਦਾ ਹੈ ਤਦ ਗਿਆਨ ਦਰਸ਼ਨ ਤੋਂ ਸ਼ੁੱਧ ਉਸ ਆਤਮਾ ਵਿੱਚ ਹੋਰ ਕੋਈ ਵੀ ਭਾਵ ਨਹੀਂ ਰਹਿੰਦਾ। - 183

ਜਿਵੇਂ ਅੱਗ ਵਿੱਚ ਤਪਾਏ ਜਾਣ 'ਤੇ ਵੀ ਸੋਨਾ ਆਪਣਾ ਸੁਨਹਿਰੀਪਣ ਨਹੀਂ ਛੱਡਦਾ, ਉਸੇ ਤਰ੍ਹਾਂ ਕਰਮ ਉਦੈ ਨਾਲ ਤਪਾਏ ਜਾਣ 'ਤੇ ਪਰ ਗਿਆਨੀ ਆਤਮਾ ਆਪਣੇ ਗਿਆਨ ਸੁਭਾਅ ਨੂੰ ਨਹੀਂ ਛੱਡਦੀ। - 184

ਇਸ ਤਰ੍ਹਾਂ ਗਿਆਨੀ ਤਾਂ ਆਤਮਾ ਨੂੰ ਜਾਣਦਾ ਹੈ, ਪਰ ਅਗਿਆਨੀ ਰਾਗ ਨੂੰ ਹੀ ਆਤਮਾ ਸਮਝਦਾ ਹੈ। ਅਗਿਆਨ ਦੇ ਹਨ੍ਹੇਰੇ ਵਿੱਚ ਢਕੇ ਹੋਣ ਦੇ ਕਾਰਨ ਅਗਿਆਨੀ ਮਨੁੱਖ ਆਤਮਾ ਦੇ ਸੁਭਾਅ ਨੂੰ ਜਾਣ ਹੀ ਨਹੀਂ ਸਕਦਾ। - 185

ਜੋ ਵਿਅਕਤੀ ਆਤਮਾ ਨੂੰ ਸ਼ੁੱਧ ਸਮਝਦਾ ਹੈ, ਸ਼ੁੱਧ ਆਤਮਾ ਦਾ ਹੀ ਅਨੁਭਵ ਕਰਦਾ ਹੈ, ਉਸ ਨੂੰ ਸ਼ੁੱਧ ਆਤਮਾ, ਅਤੇ ਜੋ ਵਿਅਕਤੀ ਆਤਮਾ ਨੂੰ ਅਸ਼ੁੱਧ ਸਮਝਦਾ ਹੈ, ਅਸ਼ੁੱਧ ਆਤਮਾ ਨੂੰ ਹੀ ਅਨੁਭਵ ਕਰਦਾ ਹੈ, ਉਸ ਨੂੰ ਅਸ਼ੁੱਧ ਆਤਮਾ ਉਪਲਬਧ ਹੁੰਦੀ ਹੈ। ਭਾਵ ਅਜਿਹੇ ਮਨੁੱਖ ਦੀ ਆਤਮਾ ਅਸ਼ੁੱਧ ਬਣੀ ਰਹਿੰਦੀ ਹੈ। - 186

ਜੋ ਵਿਅਕਤੀ ਪਾਭ ਅਤੇ ਪੁੰਨ ਦੋਵੇਂ ਯੋਗਾਂ ਦੇ ਚੱਕਰ ਵਿੱਚ ਨਾ ਫ਼ਸ ਕੇ ਦਰਸ਼ਨ-ਗਿਆਨ ਵਿੱਚ ਸਥਿਤ ਰਹਿੰਦਾ ਹੈ, ਸਾਰੀਆਂ ਇਛਾਵਾਂ ਤੋਂ ਮੁਕਤ ਅਤੇ ਪਰਿਗ੍ਰਹਿਆਂ ਤੋਂ ਰਹਿਤ ਹੁੰਦਾ ਹੈ, ਕਰਮ-ਨੋਕਰਮ ਦਾ ਨਹੀਂ ਸਿਰਫ਼ ਆਤਮਾ ਦਾ ਹੀ ਧਿਆਨ ਕਰਦਾ ਹੈ, ਦਰਸ਼ਨ-ਗਿਆਨ ਵਿੱਚ ਸਥਿਤ ਹੁੰਦਾ ਹੈ, ਹੋਰਾਂ ਵਿੱਚ ਨਹੀਂ, ਉਹ ਛੇਤੀ ਹੀ ਕਰਮਾਂ ਤੋਂ ਛੁਟਕਾਰਾ ਪਾ ਕੇ ਆਤਮਾ ਨੂੰ ਪ੍ਰਾਪਤ ਕਰਦਾ ਹੈ। - 187, 188, 189

ਸਰਵੱਗ ਦੇਵ ਨੇ ਮਿੱਥਿਆਤਵ, ਅਗਿਆਨ, ਅਵਿਰਤੀ ਭਾਵ ਅਤੇ ਯੋਗ ਨੂੰ ਪਹਿਲਾਂ ਵਰਨਣ ਕੀਤੇ ਗਏ ਰਾਗ, ਦਵੇਸ਼, ਮੋਹਰ ਰੂਪ ਆਸ਼ਰਵਾਂ ਦਾ ਕਾਰਨ ਦੱਸਿਆ ਹੈ। ਗਿਆਨੀ ਵਿੱਚ ਉਕਤ ਕਾਰਨਾਂ ਦੀ ਅਣਹੋਂਦ ਹੁੰਦੀ ਹੈ। ਇਸ ਲਈ ਉਸ ਵਿੱਚ ਆਸ਼ਰਵ ਨਿਰੋਧ ਹ ਜਾਂਦਾ ਹੈ। ਆਸ਼ਰਵ ਨਿਰੋਧ ਹੋ ਜਾਣ 'ਤੇ ਕਰਮ ਦਾ ਨਿਰੋਧ ਹੋ ਜਾਂਦਾ ਹੈ। ਕਰਮ ਦਾ ਨਿਰੋਧ ਹੋ ਜਾਣ 'ਤੇ ਨੋਕਰਮ ਦਾ ਨਿਰੋਧ ਹੋ ਜਾਂਦਾ ਹੈ ਅਤੇ ਨੋਕਰਮ ਦਾ ਨਿਰੋਧ ਹੋ ਜਾਣ 'ਤੇ ਸੰਸਾਰ (ਜਨਮ ਮਰਨ ਦੇ ਚੱਕਰ) ਦਾ ਨਿਰੋਧ ਹੋ ਜਾਂਦਾ ਹੈ।

# ਅਧਿਆਇ - 7

## ਨਿਰਜਰਾ

ਸੱਮਿਅਕ ਦ੍ਰਿਸ਼ਟੀ ਵਿਅਕਤੀ ਆਪਣੀਆਂ ਇੰਦਰੀਆਂ ਤੋਂ ਚੇਤੰਨ ਅਤੇ ਅਚੇਤੰਨ ਦਰੱਵਾਂ ਦਾ ਜੋ ਵੀ ਉਪਯੋਗ ਕਰਦਾ ਹੈ, ਉਹ ਉਸ ਦੇ ਕਰਮਾਂ ਦੀ ਨਿਰਜਰਾ ਦਾ ਨਿਮਿੱਤ ਬਣਦਾ ਹੈ। - 193

ਸੱਮਿਅਕ ਦ੍ਰਿਸ਼ਟੀ ਨੂੰ ਪਰ ਦਰੱਵਾਂ ਦਾ ਭੋਗ ਕਰਨ ਨਾਲ ਨਿਯਮ ਅਨੁਸਾ ਸੁੱਖ ਦੁੱਖ ਤਾਂ ਹੁੰਦਾ ਹੀ ਹੈ ਅਤੇ ਉਦੈ ਵਿੱਚ ਆਏ ਹੋਏ ਉਸ ਸੁੱਖ ਦੁੱਖ ਨੂੰ ਇਹ ਅਨੁਭਵ ਵੀ ਕਰਦਾ ਹੈ। ਪਰੰਤੂ ਕਿਉਜਕਿ ਉਹ ਰਾਗ ਮੁਕਤ (ਨਿਰਲਿਪਤ) ਹੁੰਦਾ ਹੈ ਇਸ ਲਈ ਉਸ ਦੇ ਕਰਮਾਂ ਦੀ ਨਿਰਜਰਾ ਹੋ ਜਾਂਦੀ ਹੈ। - 194

ਜਿਵੇਂ ਕੋਈ ਜ਼ਹਿਰ ਦਾ ਜਾਣਕਾਰ ਹਕੀਮ ਜ਼ਹਿਰ ਪੀ ਕੇ ਵੀ ਉਸ ਤੋਂ ਬਚਿਆ ਰਹਿੰਦਾ ਹੈ ਉਸੇ ਤਰ੍ਹਾਂ ਹੀ ਗਿਆਨੀ ਭਾਵ ਸੱਮਿਅਕ ਦ੍ਰਿਸ਼ਟੀ ਵਾਲਾ ਮਨੁੱਖ ਪੁਦਗਲ ਕਰਮ ਦੇ ਉਦੈ ਨੂੰ ਭੋਗਦਾ ਹੋਇਆ ਵੀ ਰਾਗ ਮੁਕਤ (ਨਿਰਲਿਪਤ) ਹੋਣ ਦੇ ਕਾਰਨ ਕਰਮ ਬੰਧ ਤੋਂ ਬਚਿਆ ਰਹਿੰਦਾ ਹੈ। - 195

ਜਿਵੇਂ ਅਰਤਿਭਾਵਪੂਰਵਕ ਸ਼ਰਾਬ ਪੀਂਦਾ ਹੋਇਆ ਮਨੁੱਖ (ਆਪਣੇ ਤੇਜ਼ ਅਰਤਿਭਾਵ ਦੇ ਕਾਰਨ) ਪਾਗਲ ਨਹੀਂ ਹੁੰਦਾ ਉਸੇ ਤਰ੍ਹਾਂ ਹੀ ਰਾਗ ਰਹਿਤ ਹੋ ਕੇ ਦਰੱਵ ਦਾ ਉਪਭੋਗ ਕਰਦੇ ਹੋਏ ਮਨੁੱਖ ਨੂੰ ਕਰਮ ਬੰਧਲ ਨਹੀਂ ਹੁੰਦਾ। - 196

ਕੋਈ ਮਨੁੱਖ ਤਾਂ ਵਿਸ਼ਿਆਂ ਦਾ ਭੋਗ ਕਰਦਾ ਹੋਇਆ ਵੀ (ਆਪਣੀ ਨਿਰਲੇਪਤਾ ਦੇ ਕਾਰਨ) ਉਨ੍ਹਾਂ ਦਾ ਭੋਗ ਨਹੀਂ ਕਰਦਾ। ਪਰੰਤੂ ਕੋਈ ਮਨੁੱਖ ਉਨ੍ਹਾਂ ਦਾ (ਵਿਸ਼ਿਆਂ ਦਾ) ਭੋਗ ਨਾ ਕਰਦਾ ਹੋਇਆ ਵੀ (ਆਪਣੀ ਲਿਪਤਤਾ ਦੇ ਕਾਰਨ) ਉਨ੍ਹਾਂ ਦਾ ਭੋਗ

ਕਰਦਾ ਹੈ। ਇਹ ਇਸੇ ਤਰ੍ਹਾਂ ਹੈ ਜਿਵੇਂ ਕੋਈ ਮਨੁੱਖ ਕੰਮ ਤਾਂ ਕਰਦਾ ਹੈ ਪਰ ਉਸ ਤੋਂ ਕੰਮ ਕਰਵਾਉਣ ਵਾਲਾ ਸਵਾਮੀ ਕੋਈ ਹੋਰ ਹੋਣ ਦੇ ਕਾਰਨ ਕੰਮ ਦੇ ਫਲ ਨੂੰ ਵੁਹ ਵਿਅਕਤੀ ਨਹੀਂ ਬਲਕੀ ਸਵਾਮੀ ਹੀ ਭੋਗਦਾ ਹੈ। - 197

ਸੱਮਿਅਕ ਦ੍ਰਿਸ਼ਟੀ ਮਨੁੱਖ ਸੋਚਦਾ ਹੈ ਕਿ ਜਿਨੇਂਦਰ ਭਗਵਾਨ ਨੇ ਕਰਮਾਂ ਦੇ ਉਦੈ ਦੇ ਰਸ ਦਾ ਕਈ ਤਰ੍ਹਾਂ ਨਾਲ ਵਰਨਣ ਕੀਤਾ ਹੈ ਪਰ ਉਨ੍ਹਾਂ ਦੇ ਉਦੈ ਦਾ ਉਹ ਰਸ ਮੇਰਾ ਸੁਭਾਅ ਨਹੀਂ ਹੈ। ਮੈਂ ਤਾਂ ਸਿਰਫ਼ ਗਿਆਕ ਭਾਵ ਵਿੱਚ ਸਥਿਤ ਹਾਂ। - 198

ਸੱਮਿਅਕ ਦ੍ਰਿਸ਼ਟੀ ਮਨੁੱਖ ਸੋਚਦਾ ਹੈ ਕਿ ਉਹ ਰਾਗ ਤਾਂ ਪੁਦਗਲ ਕਰਮ ਹੈ। ਇਹ ਤਾਂ ਕਰਮ ਦੇ ਉਦੈ ਦਾ ਹੀ ਰਸ ਹੈ। ਇਹ ਮੇਰਾ ਸੁਭਾਅ ਨਹੀਂ ਹੈ। ਮੈਂ ਤਾਂ ਸਿਰਫ ਗਿਆਕ ਸੁਭਾਅ ਹਾਂ। ਭਾਵ ਮੇਰੀ ਭੂਮਿਕਾ ਤਾਂ ਸਿਰਫ਼ ਗਿਆਕ ਦੀ ਹੈ। - 199

ਇਸ ਤਰ੍ਹਾਂ ਵਸਤੂ ਦੇ ਯਥਾਰਥ ਨੂੰ ਜਾਨਣ ਵਾਲਾ ਸੱਮਿਅਕ ਦ੍ਰਿਸ਼ਟੀ ਮਨੁੱਖ ਖੁਦ ਨੂੰ ਗਿਆਕ ਮਾਤਰ ਸਮਝਦਾ ਹੈ ਅਤੇ ਕਰਮ ਦੇ ਉਦੈ ਨੂੰ ਕਰਮ ਦਾ ਫਲ ਜਾਣ ਕੇ ਉਸ ਤੋਂ ਕਿਨਾਰਾ ਕਰ ਲੈਂਦਾ ਹੈ। - 200

ਮਨੁੱਖ ਭਲੇ ਹੀ ਸਾਰੇ ਆਗਮਾਂ ਦਾ ਵਿਦਵਾਨ ਹੋਵੇ ਪਰ ਜੇ ਉਸ ਨੂੰ ਥੋੜ੍ਹਾ ਜਿਹਾ ਵੀ ਰਾਗ ਹੈ ਤਾਂ ਸਮਝੋ ਕਿ ਉਹ ਆਤਮਾ ਨੂੰ ਨਹੀਂ ਜਾਣਦਾ ਅਤੇ ਜੋ ਆਤਮਾ ਨੂੰ ਨਹੀਂ ਜਾਣਦਾ ਸਮਝੋ ਕਿ ਉਹ ਅਨਾਤਮਾ ਨੂੰ ਵੀ ਨਹੀਂ ਜਾਣਦਾ।

ਇਸੇ ਤਰ੍ਹਾਂ ਜੋ ਵਿਅਕਤੀ ਨ ਖੁਦ ਨੂੰ ਜਾਣਦਾ ਹੈ ਅਤੇ ਨਾ ਹੀ ਪਰਾਏ ਨੂੰ ਉਹ ਭਲਾ ਸੱਮਿਅਕ ਦ੍ਰਿਸ਼ਟੀ ਕਿਵੇਂ ਹੋ ਸਕਦਾ ਹੈ - 201, 202

ਆਤਮਾ ਵਿੱਚ ਜੋ ਦਰੱਵ ਅਤੇ ਭਾਵ ਕਰਮ ਹੈ, ਉਹ ਅਸਥਿਰ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਨੂੰ ਛੱਡ ਕੇ ਨਿਸ਼ਚਿਤ, ਸਥਿਰ ਇੱਕ ਹੋਰ ਸਵੈ-ਭਾਵ ਨੂੰ ਪ੍ਰਾਪਤ ਹੋਣ ਯੋਗ, ਪ੍ਰਤੱਖ ਅਤੇ ਅਨੁਭਵ ਗੋਚਰ ਆਤਮ ਤੱਤ ਨੂੰ ਉਪਲਬਧ ਕਰੀਏ। - 203

ਗਿਆਨ ਦੇ ਪੰਜ ਭੇਦ ਹਨ - ਮਤਿ, ਸ਼ਰੁਤ, ਅਵਧੀ, ਮਨ-ਪਰਿਯਾਏ ਅਤੇ ਕੇਵਲ ਗਿਆਨ। ਪਰੰਤੂ ਇਹ ਜਿਸ ਗਿਆਨ ਦੇ ਭੇਦ ਹਨ ਵੁਹ ਇੱਕ ਹੀ ਹੈ। ਉਹ ਪਰਮ ਅਰਥ ਹੈ। ਉਸ ਨੂੰ ਪ੍ਰਾਪਤ ਕਰਨਾ ਮੋਕਸ਼ ਪ੍ਰਾਪਤ ਕਰ ਲੈਣਾ ਹੈ। - 204

ਗਿਆਨ ਤੋਂ ਰਹਿਤ ਕਿਸੇ ਵੀ ਮਨੁੱਖ ਨੂੰ ਗਿਆਨ ਸਰੂਪ ਆਤਮਾ ਨਹੀਂ ਮਿਲਦੀ। ਇਸ ਲਈ ਜੇਕਰ ਕੋਈ ਮਨੁੱਖ ਕਰਮਾਂ ਤੋਂ ਮੁਕਤ ਹੋ ਕੇ ਆਤਮਾ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਉਸ ਨਿਸ਼ਚਿਤ ਗਿਆਨ (ਭਾਵ ਸੱਮਿਅਕ ਦਰਸ਼ਨ ਯੁਕਤ ਸੱਮਿਅਕ ਗਿਆਨ) ਨੂੰ ਪ੍ਰਾਪਤ ਕਰਨਾ ਚਾਹੀਦਾ ਹੈ। - 205

ਹੇ ਭਵਯ ਜੀ ਨੂੰ ਸਦਾ ਗਿਆਨ ਵਿੱਚ ਲੱਗਿਆ ਰਹਿ। ਗਿਆਨ ਵਿੱਚ ਹੀ ਸੰਤੁਸ਼ਟ ਰਹਿ। ਗਿਆਨ ਵਿੱਚ ਹੀ ਤ੍ਰਿਪਤ ਰਹਿ। ਗਿਆਨ ਤੋਂ ਹੀ ਤੈਨੂੰ ਉੱਤਮ ਸੁੱਖ ਮਿਲੇਗਾ। - 206

ਸੰਸਾਰ ਵਿੱਚ ਕਿਹੜਾ ਅਜਿਹਾ ਗਿਆਨੀ ਮਨੁੱਖ ਹੈ ਜੋ ਕਹਿੰਦਾ ਹੈ ਕਿ ਪਰ-ਦਰੱਵ ਮੇਰਾ ਧਨ ਹੈ, ਉਹ ਅਸੂਲ ਨਾਲ ਆਪਦੀ ਆਤਮਾ ਨੂੰ ਹੀ ਆਪਣਾ ਧਨ ਮੰਨ ਕੇ ਚੱਲਦਾ ਹੈ। - 207

ਜੇ ਬਾਹਰੀ (ਪਰ) ਦਰੱਵਾਂ ਨੂੰ ਮੇਰਾ ਪਰਿਗ੍ਰਹਿ ਮੰਨਿਆ ਗਿਆ ਤਾਂ ਸਮਝੋ ਕਿ ਮੈਂ ਅਜੀਵ ਨੂੰ ਪ੍ਰਾਪਤ ਹੋ ਗਿਆ। ਇਸੇ

ਲਈ ਕੋਈ ਪਰ–ਦਰੱਵ ਮੇਰਾ ਪਰਿਗ੍ਰਹਿ ਨਹੀਂ ਹੈ। ਮੈਂ ਤਾਂ ਗਿਆਤਾ ਮਾਤਰ ਹਾਂ। – 208

ਪਰ–ਦਰੱਵ ਨੂੰ ਭਾਵੇਂ ਛੇਕ ਦਿੱਤਾ ਜਾਵੇ, ਭੰਨ ਦਿੱਤਾ ਜਾਵੇ, ਨਸ਼ਟ ਕਰ ਦਿੱਤਾ ਜਾਵੇ, ਕੋਈ ਉਸ ਨੂੰ ਲੈ ਜਾਵੇ ਜਾਂ ਜਿਵੇਂ ਕਿਵੇਂ ਉਹ ਕਿ ਚਲਿਆ ਜਾਵੇ, ਉਹ ਮੇਰਾ ਧਨ ਨਹੀਂ ਹੋ ਸਕਦਾ। – 209

ਇੱਛਾਹੀਣਤਾ ਹੀ ਪਰਿਗ੍ਰਹਿ ਹੈ। ਇਸ ਲਈ ਗਿਆਨੀ ਪੁੰਨ ਕਰਮ ਦੀ ਇੱਛਾ ਨਹੀਂ ਕਰਦਾ। ਪੁੰਨ ਦੇ ਪ੍ਰਤੀ ਵੀ ਉਸ ਦਾ ਅਪਰਿਗ੍ਰਹਿ ਦਾ ਭਾਵ ਹੀ ਰਹਿੰਦਾ ਹੈ। ਵੁਹ ਤਾਂ ਪੁੰਨ ਦਾ ਗਾਯਕ (ਜਾਨਣ) ਵਾਲਾ ਹੀ ਹੁੰਦਾ ਹੈ। – 210

ਇੱਛਾਹੀਣਤਾ ਹੀ ਪਰਿਗ੍ਰਹਿ ਹੈ। ਇਸ ਲਈ ਗਿਆਨੀ ਪਾਪ (ਅਧਰਮ ਦੀ ਵੀ ਇੱਛਾ ਨਹੀਂ ਕਰਦਾ। ਪਾਪ ਦੇ ਪ੍ਰਤੀ ਵੀ ਉਸ ਦਾ ਅਪਰਿਗ੍ਰਹਿ ਦਾ ਭਾਵ ਹੀ ਰਹਿੰਦਾ ਹੈ। ਉਹ ਤਾਂ ਪਾਪ ਦਾ ਗਾਯਕ (ਜਾਣੂੰ) ਹੁੰਦਾ ਹੈ। – 211

ਇੱਛਾਹੀਣਤਾ ਹੀ ਪਰਿਗ੍ਰਹਿ ਹੈ। ਇਸ ਲਈ ਗਿਆਨੀ ਭੋਜਨ ਦੀ ਵੀ ਇੱਛਾ ਨਹੀਂ ਕਰਦਾ। ਭੋਜਨ ਦੇ ਪ੍ਰਤੀ ਵੀ ਉਸ ਦਾ ਅਪਰਿਗ੍ਰਹਿ ਦਾ ਭਾਵ ਰਹਿੰਦਾ ਹੈ। ਉਹ ਤਾਂ ਭੋਜਨ ਦਾ ਵੀ ਗਾਯਕ (ਜਾਣੂ) ਭਰ ਹੁੰਦਾ ਹੈ। – 212

ਇੱਛਾਹੀਣਤਾ ਹੀ ਪਰਿਗ੍ਰਹਿ ਹੈ। ਇਸ ਲਈ ਗਿਆਨੀ ਪਾਣੀ ਦੀ ਵੀ ਇੱਛਾ ਨਹੀਂ ਕਰਦਾ। ਪਾਣੀ ਦਾ ਵੀ ਪਰਿਗ੍ਰਹਿ ਉਸ ਨੂੰ ਨਹੀਂ ਹੁੰਦਾ। ਪਾਣੀ ਦੇ ਪ੍ਰਤੀ ਵੀ ਉਸਦਾ ਗਾਯਕ ਭਾਵ ਹੀ ਰਹਿੰਦਾ ਹੈ। – 213

ਅਜਿਹਾ ਸਾਰੇ ਤਰ੍ਹਾਂ ਦੇ ਭਾਵਾਂ/ਸਾਰੇ ਤਰ੍ਹਾਂ ਦੀਆਂ ਚੀਜ਼ਾਂ ਦੀ ਕੋਈ ਇੱਛਾ ਹੀ ਗਿਆਨੀ ਨੂੰ ਨਹੀਂ ਹੁੰਦੀ। ਉਸ ਦਾ ਚਿੱਤ

ਪਰਦਰੱਵ ਵਿੱਚ ਠਹਿਰਦਾ ਹੀ ਨਹੀਂ। ਉਹ ਤਾਂ ਗਾਯਕ ਭਾਵ ਵਿੱਚ ਹੀ ਰਹਿੰਦਾ ਹੈ। - 214

ਉਦੈ ਨੂੰ ਪ੍ਰਾਪਤ ਹੋਏ ਵਰਤਮਾਨ ਅਤੇ ਵਿਦਮਾਨ ਦਾ ਭੋਗ ਗਿਆਨੀ ਸਦਾ ਬਿਨਾਂ ਲਗਾਵ ਭਾਵ ਤੋਂ ਕਰਦਾ ਹੈ। ਭਵਿੱਖ ਵਿੱਚ ਉਦੈ ਹੋਣ ਵਾਲੇ ਦੀ ਇੱਛਾ ਉਸ ਨੂੰ ਨਹੀਂ ਅਤੇ ਜੋ ਬੀਤ ਚੁੱਕਾ ਹੈ, ਉਸ ਦੇ ਪਰਿਗ੍ਰਹਿ ਦਾ ਹੁਣ ਪ੍ਰਸ਼ਨ ਹੀ ਨਹੀਂ। ਇਸ ਤਰ੍ਹਾਂ ਗਿਆਨੀ ਪਰਿਗ੍ਰਹਿ ਤੋਂ ਰਹਿਤ ਹੁੰਦਾ ਹੈ। - 215

ਅਨੁਭਵ ਕਰਨ ਅਤੇ ਅਨੁਭਵ ਵਿੱਚ ਆਉਣ ਵਾਲੇ ਦੋਵੇਂ ਹੀ ਭਾਵ ਸਮੇਂ-ਸਮੇਂ 'ਤੇ ਨਸ਼ਟ ਹੁੰਦੇ ਰਹਿੰਦੇ ਹਨ। ਇਸ ਲਈ ਗਿਆਨੀ ਇਨ੍ਹਾਂ ਦੋਹਾਂ ਦੀ ਹੀ ਇੱਛਾ ਨਹੀਂ ਕਰਦਾ। ਉਹ ਇਨ੍ਹਾਂ ਦੋਹਾਂ ਭਾਵਾਂ ਦਾ ਗਾਯਕ ਮਾਤਰ ਹੁੰਦਾ ਹੈ। - 216

ਕਰਮ ਬੰਧ ਅਤੇ ਉਪਯੋਗ ਦੇ ਨਿਮਿਤ ਤੋਂ ਜੋ ਵੀ ਭਾਵ ਉਤਪੰਨ ਹੁੰਦੇ ਹਨ ਉਹ ਸਭ ਸਿਲਸਿਲੇਵਾਰ ਸੰਸਾਰ ਅਤੇ ਦੇਹ ਦੇ ਵਿਸ਼ੇ ਵਿੱਚ ਹੀ ਹੁੰਦੇ ਹਨ। ਇਸ ਲਈ ਗਿਆਨੀ ਦੇ ਮਨ ਵਿੱਚ ਉਨ੍ਹਾਂ ਦੇ ਪ੍ਰਤੀ ਕੋਈ ਰਾਗ ਹੀ ਉਤਪੰਨ ਨਹੀਂ ਹੁੰਦਾ। - 217

ਗਿਆਨੀ ਸਾਰੇ ਦਰੱਵਾਂ ਦੇ ਪ੍ਰਤੀ ਰਾਗ-ਰਹਿਤ ਰਹਿੰਦਾ ਹੈ। ਜਿਵੇਂ ਚਿੱਕੜ ਵਿੱਚ ਪਏ ਹੋਏ ਸੋਨੇ ਨੂੰ ਜਰ (ਜੰਗ) ਨਹੀਂ ਲੱਗਦੀ ਉਸੇ ਤਰ੍ਹਾਂ ਹੀ ਗਿਆਨੀ ਨੂੰ ਕਰਮ ਦੇ ਵਿੱਚ ਰਹਿੰਦੇ ਹੋਏ ਵੀ ਕਰਮ ਰਜ (ਧੂੜ) ਨਹੀਂ ਚਿੰਬੜਦੀ। - 218

ਇਸ ਦੇ ਉਲਟ ਅਗਿਆਨੀ ਸਭ ਦਰੱਵਾਂ ਪ੍ਰਤੀ ਰਾਗ ਵਾਲਾ ਹੁੰਦਾ ਹੈ। ਜਿਵੇਂ ਚਿੱਕੜ ਵਿੱਚ ਪਏ ਹੋਏ ਲੋਹੇ ਨੂੰ ਜਰ (ਜੰਗ) ਲੱਗਦੀ ਰਹਿੰਦੀ ਹੈ, ਉਸੇ ਤਰ੍ਹਾਂ ਹੀ ਅਗਿਆਨੀ ਨੂੰ ਵੀ ਕਰਮਾਂ ਵਿੱਚੋਂ ਲੰਘਦੇ ਹੋਏ ਕਰਮ ਰਜ (ਧੂੜ) ਲੱਗਦੀ ਰਹਿੰਦੀ ਹੈ। - 219

ਜਿਵੇਂ ਸ਼ੰਖ ਦੁਆਰਾ ਕੀਤਾ ਗਿਆ, ਸਜੀਵ, ਅਜੀਵ ਅਤੇ ਮਿਲੇ-ਜੁਲੇ ਪਦਾਰਥਾਂ ਦਾ ਸੇਵਨ ਉਸ ਦੀ ਸਫੈਦੀ ਨੂੰ ਕਾਲੇ ਪਣ ਵਿੱਚ ਨਹੀਂ ਬਦਲਦਾ, ਉਸੇ ਤਰ੍ਹਾਂ ਗਿਆਨੀ ਰਾਹੀਂ ਭਿੰਨ-ਭਿੰਨ ਪ੍ਰਕਾਰ ਦੇ ਸਜੀਵ, ਅਜੀਵ ਅਤੇ ਮਿਲੇ-ਜੁਲੇ ਪਦਾਰਥਾਂ ਦਾ ਉਪਭੋਗ ਕਰਨਾ ਉਸ ਦੇ ਗਿਆਨ ਨੂੰ ਅਗਿਆਨ ਵਿੱਚ ਨਹੀਂ ਬਦਲਦਾ। - 220, 221

ਪਰੰਤੂ ਜਿਵੇਂ ਜਦੋਂ ਉਹੀ ਸ਼ੰਖ ਆਪਣਾ ਸਫੈਦ ਸੁਭਾਅ ਛੱਡ ਕੇ ਕ੍ਰਿਸ਼ਨ ਭਾਵ ਵਿੱਚ ਪਰਿਨਮਿਤ ਹੁੰਦਾ ਹੈ ਤਦ ਆਪਣੀ ਸਫੈਦੀ ਨੂੰ ਛੱਡ ਦਿੰਦਾ ਹੈ। ਉਸੇ ਤਰ੍ਹਾਂ ਗਿਆਨੀ ਜਦੋਂ ਅਗਿਆਨ ਵਿੱਚ ਪਰਿਨਮਨ ਕਰਦਾ ਹੈ ਤਦ ਉਹ ਵੀ ਆਪਣੇ ਗਿਆਨ ਭਾਵ ਨੂੰ ਛੱਡ ਦਿੰਦਾ ਹੈ ਅਤੇ ਅਗਿਆਨੀ ਬਣ ਜਾਂਦਾ ਹੈ। - 222, 223

ਜਿਵੇਂ ਲੋਕ ਵਿੱਚ ਕੋਈ ਮਨੁੱਖ ਆਪਣੇ ਰੋਜ਼ਗਾਰ ਲਈ ਰਾਜਾ ਦੀ ਸੇਵਾ ਕਰਦਾ ਹੈ ਅਤੇ ਰਾਜਾ ਉਸ ਨੂੰ ਅਨੇਕ ਪ੍ਰਕਾਰ ਦੇ ਸੁੱਖ ਭੋਗਣ ਲਈ ਦਿੰਦਾ ਹੈ, ਉਸੇ ਤਰ੍ਹਾਂ ਹੀ ਜਦੋਂ ਜੀਵ (ਆਤਮਾ) ਰੂਪੀ ਪੁਰਸ਼ ਵਿਸ਼ੇ ਸੁੱਖ ਦੇ ਲਈ ਕਰਮਰੂਪੀ ਰਾਜਾ ਦੀ ਸੇਵਾ ਕਰਦਾ ਹੇ ਤਦ ਉਹ ਕਰਮ ਰੂਪੀ ਰਾਜਾ ਵੀ ਉਸ ਨੂੰ ਭਿੰਨ-ਭਿੰਨ ਤਰ੍ਹਾਂ ਦੇ ਸੁੱਖਦਾਇਕ ਪਦਾਰਥ ਦਿੰਦਾ ਹੈ। - 224, 225

ਜਿਵੇਂ ਜੇਕਰ ਕੋਈ ਮਨੁੱਖ ਰੋਜ਼ਗਾਰ ਦੇ ਲਈ ਰਾਜਾ ਦੀ ਸੇਵਾ ਨਹੀਂ ਕਰਦਾ ਤਾਂ ਰਾਜਾ ਵੀ ਉਸ ਨੂੰ ਭਿੰਨ-ਭਿੰਨ ਪ੍ਰਕਾਰ ਦੇ ਸੁੱਖ ਦਾਇਕ ਪਦਾਰਥ ਨਹੀਂ ਦਿੰਦਾ। ਉਸੇ ਤਰ੍ਹਾਂ ਸੱਮਿਅਕ ਦ੍ਰਿਸ਼ਟੀ ਵਾਲਾ ਮਨੁੱਖ ਵਿਸ਼ੇ ਸੁੱਖ ਦੇ ਲਈ ਕਰਮ ਰਜ ਧੂੜ ਦੀ ਸੇਵਾ ਨਹੀਂ ਕਰਦਾ ਇਸ ਲਈ ਉਹ ਕਰਮ ਵੀ ਉਸ ਨੂੰ ਭਿੰਨ-ਭਿੰਨ ਪ੍ਰਕਾਰ ਦੇ ਸੁੱਖ ਦਾਇਕ ਪਦਾਰਥ ਨਹੀਂ ਦਿੰਦਾ। - 226, 227

ਸੱਮਿਅਕ ਦ੍ਰਿਸ਼ਟੀ ਆਤਮਾ ਦੇ ਸੱਤ ਡਰ (ਲੋਕ, ਪਰਲੋਕ, ਵੇਦਨਾ, ਅਰਕਸ਼ਾ, ਅਗੁਪਤੀ, ਮ੍ਰਿਤੂ ਅਤੇ ਅਚਾਨਕ ਡਰ) ਤੋਂ ਮੁਕਤ ਹੁੰਦੀ ਹੈ। ਇਸ ਲਈ ਉਹ ਨਿਸ਼ੰਕਾ ਅਤੇ ਨਿਰਭੈ ਰਹਿੰਦੀ ਹੈ। - 228

ਜੋ ਆਤਮਾ ਕਰਮ ਬੰਧ ਦੇ ਹੇਤੂ (ਕਾਰਨ) ਅਤੇ ਮੋਹ ਉਤਪੰਨ ਕਰਨ ਵਾਲੇ ਮਿੱਥਿਆਤਵ, ਅਵਿਰਤੀ, ਕਸ਼ਾਇ ਅਤੇ ਯੋਗ ਇਨ੍ਹਾਂ ਚਾਰ ਪੈਰਾਂ ਨੂੰ ਉਖਾੜ ਦਿੰਦੀ ਹੈ, ਉਹ ਨਿਸ਼ੰਕਾ ਸੱਮਿਅਕ ਦ੍ਰਿਸ਼ਟੀ ਆਤਮਾ ਹੈ। - 229

ਜਿਸ ਆਤਮਾ ਦੀ ਰੁਚੀ ਨਾ ਤਾਂ ਕਰਮ ਫਲ ਵਿੱਚ ਹੁੰਦੀ ਹੈ ਅਤੇ ਨਾ ਹੀ ਸਾਰੇ ਧਰਮਾਂ (ਕੰਚ, ਸੋਨਾ, ਨਿੰਦਾ, ਪ੍ਰਸੰਸਾ ਆਦਿ) ਵਿੱਚ ਉਹ ਨਿਕਾਂਕਸ਼ ਸੱਮਿਅਕ ਦ੍ਰਿਸ਼ਟੀ ਆਤਮਾ ਹੈ। - 230

ਜਿਸ ਆਤਮਾ ਵਿੱਚ ਕਿਸੇ ਵੀ ਵਸਤੂ ਧਰਮ ਦੇ ਪ੍ਰਤੀ ਕੋਈ ਨਫ਼ਰਤ ਨਹੀਂ ਹੁੰਦੀ, ਉਹ ਵਿਚਿਕਿਤਸਾ ਦੋਸ਼ ਰਹਿਤ ਸੱਮਿਅਕ ਦ੍ਰਿਸ਼ਟੀ ਆਤਮਾ ਹੈ। - 231

ਜੋ ਆਤਮਾ ਕਿਸੇ ਭਾਵ ਵਿੱਚ ਮੂੜ ਨਹੀਂ ਹੁੰਦੀ, ਸਾਰੇ ਭਾਵਾਂ ਵਿੱਚ ਯਥਾਰਥ ਦ੍ਰਿਸ਼ਟੀ ਰੱਖਦੀ ਹੈ, ਉਹ ਅਮੂੜ ਦ੍ਰਿਸ਼ਟੀਧਾਰੀ ਸੱਮਿਅਕ ਦ੍ਰਿਸ਼ਟੀ ਆਤਮਾ ਹੈ। - 232

ਜੋ ਸਿੱਧ ਭਗਵਾਨ ਦੀ ਭਗਤੀ ਨਾਲ ਭਰਪੂਰ ਹੈ, ਸਾਰੀ ਵਸਤੂ ਧਰਮਾਂ ਨੂੰ ਢਕਣ ਵਾਲੀ ਹੈ, ਉਹ ਉਪਗੂਹਨਧਾਰੀ ਸੱਮਿਅਕ ਦ੍ਰਿਸ਼ਟੀ ਆਤਮਾ ਹੈ। - 233

ਜੋ ਆਤਮਾ ਗਲਤ ਰਾਹ ਵਿੱਚ ਜਾਣ ਤੋਂ ਬਚਦੀ ਹੋਈ ਖੁਦ ਨੂੰ ਮੋਕਸ਼ ਮਾਰਗ ਵਿੱਚ ਸਥਾਪਿਤ ਕਰਦੀ ਹੈ, ਉਹ ਸਥਿਤੀਧਾਰੀ ਸੱਮਿਅਕ ਦ੍ਰਿਸ਼ਟੀ ਆਤਮਾ ਹੈ। - 234

ਜੋ ਆਤਮਾ ਮੋਕਸ਼ ਮਾਰਗ 'ਤੇ ਚੱਲਣ ਵਾਲੇ ਤਿੰਨਾਂ ਸਾਧੂਆਂ (ਆਚਾਰਿਆ, ਉਪਾਧਿਆਇ, ਸਾਧੂ) ਦੇ ਪ੍ਰਤੀ ਵਾਤਸਲਯ (ਪਿਆਰ) ਭਾਵ ਰੱਖਦੀ ਹੈ ਵੁਹ ਵਾਸਲਯਗੁਣ ਧਾਰੀ ਸੱਮਿਅਕ ਦ੍ਰਿਸ਼ਟੀ ਆਤਮਾ ਹੈ। – 235

ਜੋ ਆਤਮਾ ਮਨ ਰੂਪੀ ਰਥ ਦੇ ਚੱਲਣ ਦੇ ਰਾਹ ਵਿੱਚ ਵੀ ਵਿੱਦਿਆ ਰੂਪੀ ਰਥ 'ਤੇ ਸਵਾਰ ਹੋ ਕੇ ਘੁੰਮਦੀ ਹੈ, ਉਹ ਜਿਨੇਂਦਰ ਭਗਵਾਨ ਦੇ ਗਿਆਨ ਦੀ ਪ੍ਰਭਾਵਨਾ (ਪ੍ਰਚਾਰ-ਪ੍ਰਸਾਰ) ਕਰਨ ਵਾਲੀ ਸੱਮਿਅਕ ਦ੍ਰਿਸ਼ਟੀ ਆਤਮਾ ਹੈ। – 236

# ਅਧਿਆਇ - 8

## ਬੰਧ

ਜੇ ਕੋਈ ਮਨੁੱਖ ਆਪਣੇ ਸਰੀਰ ’ਤੇ ਤੇਲ ਮਲ ਕੇ ਮਿੱਟੀ ਨਾਲ ਭਰੀ ਥਾਂ ’ਤੇ ਹਥਿਆਰ ਚਲਾਉਣ ਦਾ ਅਭਿਆਸ ਕਰਦਾ ਹੈ, ਉੱਥੇ ਤਾੜ, ਕੇਲੇ, ਬਾਂਸ ਆਦਿ ਦੇ ਦਰਖ਼ਤਾਂ ਨੂੰ ਤੋੜਦਾ, ਮਰੋੜਦਾ, ਭੇਦਦਾ ਹੈ ਅਤੇ ਸਜੀਵ, ਅਜੀਵ ਪਦਾਰਥਾਂ ਨੂੰ ਹਾਨੀ ਪਹੁੰਚਾਉਂਦਾ ਹੈ ਤਾਂ ਸੋਚੋ ਕਿ ਕਿੰਨੀ ਪ੍ਰਕਾਰ ਦੇ ਉਪਕਰਨਾਂ ਦੀ ਚੋਟ ਕਰਨ ਵਿੱਚ ਲੱਗੇ ਉਸ ਵਿਅਕਤੀ ਦੇ ਸਰੀਰ ’ਤੇ ਜੋ ਬਹੁਤ ਸਾਰੀ ਧੂੜ ਚਿਪਕੇਗੀ ਉਸ ਦਾ ਕਾਰਨ ਕੀ ਹੈ ? - 237, 238, 239

ਕਾਰਨ ਇਹ ਹੈ ਕਿ ਉਸ ਵਿਅਕਤੀ ਨੇ ਆਪਣੇ ਸਰੀਰ ’ਤੇ ਤੇਲ ਲਗਾ ਰੱਖਿਆ ਹੈ। ਤੇਲ ਦੇ ਕਾਰਨ ਹੀ ਧੂੜ ਚਿਪਕ ਰਹੀ ਹੈ, ਸਰੀਰ ਦੀਆਂ ਕਿਰਿਆਵਾਂ ਦੇ ਕਾਰਨ ਨਹੀਂ। - 240

ਇਸੇ ਤਰ੍ਹਾਂ ਮਿੱਥਿਆ ਦ੍ਰਿਸ਼ਟੀ ਆਤਮਾ ਕਈ ਪ੍ਰਕਾਰ ਦੀਆਂ ਕਿਰਿਆਵਾਂ ਵਿੱਚ ਲੱਗੀ ਰਹਿੰਦੀ ਹੈ ਪਰੰਤੂ ਕਿਉਂਕਿ ਉਹ ਰਾਗ ਆਦਿ ਭਾਵਾਂ ਦੇ ਨਾਲ ਲੱਗੀ ਰਹਿੰਦੀ ਹੈ, ਇਸ ਲਈ ਉਸ ਨੂੰ ਕਰਮ ਰਜ (ਧੂੜ) ਲਿਪਟਦੀ ਹੈ। - 241

ਉਹੀ ਵਿਅਕਤੀ ਜੇਕਰ ਸਰੀਰ ’ਤੇ ਲੱਗੇ ਹੋਏ ਸਾਰੇ ਤੇਲ ਨੂੰ ਸਾਫ਼ ਕਰਕੇ ਧੂੜ ਭਰੇ ਸਥਾਨ ਵਿਚ ਹਥਿਆਰਾ ਦਾ ਅਭਿਆਸ ਕਰੇ, ਤਾੜ ਦਰੱਖਤ ਦੀ ਜੜ ਨੂੰ, ਕੇਲੇ ਅਤੇ ਬਾਂਸ ਦੇ ਤਣਿਆਂ ਨੂੰ ਛੇਦੇ, ਭੇਦੇ ਅਤੇ ਸਜੀਵ, ਅਜੀਵ ਪਦਾਰਥਾਂ ਨੂੰ ਚੋਟ ਪਹੁੰਚਾਏ ਤਾਂ ਸੋਚੋ ਕਿ ਅਨੇਕ ਪ੍ਰਕਾਰ ਦੇ ਉਪਕਰਨਾਂ ਦਾ ਵਾਰ ਕਰਨ ਵਿੱਚ ਲੱਗੇ ਰਹਿਣ ਦੇ ਬਾਵਜੂਦ ਉਸ ਦੇ ਸਰੀਰ ’ਤੇ ਧੂੜ ਕਿਉਂ ਨਹੀਂ ਚਿਪਕਦੀ ? - 242, 243, 244

ਉਪਰੋਕਤ ਵਿਅਕਤੀ ਨੇ ਪਹਿਲਾਂ ਸਰੀਰ ’ਤੇ ਤੇਲ ਮਲਿਆ ਹੋਇਆ ਸੀ। ਇਸ ਦੇ ਕਾਰਨ ਹੀ ਉਸ ਦੇ ਸਰੀਰ ’ਤੇ ਧੂੜ ਚਿਪਕ ਰਹੀ ਸੀ ਜੋ ਹੁਣ ਨਹੀਂ ਚਿਪਕ ਰਹੀ। ਇਸ ਤੋਂ ਇਹ ਨਿਸ਼ਚਿਤ ਹੋਇਆ ਕਿ ਉਸ ਦੀ ਸਰੀਰਿਕ ਹਰਕਤਾਂ ਦੇ ਕਾਰਨ ਉਸ ਦੇ ਸਰੀਰ ’ਤੇ ਧੂੜ ਨਹੀਂ ਚਿਪਕ ਰਹੀ ਸੀ (ਧੂੜ ਤਾਂ ਸਰੀਰ ’ਤੇ ਲੱਗੇ ਤੇਲ ਦੀ ਵਜ੍ਹਾ ਨਾਲ ਚਿਪਕ ਰਹੀ ਸੀ)। - 245

ਇਸੇ ਤਰ੍ਹਾਂ ਸੱਮਿਅਕ ਦ੍ਰਿਸ਼ਟੀ ਆਤਮਾ ਕਈ ਪ੍ਰਕਾਰ ਦੇ ਕੰਮਾਂ ਨੂੰ ਕਰਦੀ ਤਾਂ ਹੈ, ਪਰ ਕਿਉਂਕਿ ਕੰਮਾਂ ਦੇ ਨਿਸ਼ਪਾਦਨ ਵਿੱਚ ਉਸ ਦੇ ਰਾਗ ਆਦਿ ਭਾਵ ਨਹੀਂ ਹੁੰਦੇ ਇਸ ਲਈ ਉਸ ਨਾਲ ਕਰਮ ਰਜ (ਧੂੜ) ਨਹੀਂ ਲਿਪਟਦੀ। - 246

ਜੋ ਵਿਅਕਤੀ ਸੋਚਦਾ ਹੈ ਕਿ ਉਹ ਦੂਸਰੇ ਜੀਵਾਂ ਦੀ ਅਤੇ ਦੂਸਰੇ ਜੀਵ ਉਸ ਦੀ ਹਿੱਸਾ ਕਰਦੇ ਹਨ ਉਹ ਪਾਗਲ ਅਤੇ ਅਗਿਆਨੀ ਹੈ। ਜੋ ਵਿਅਕਤੀ ਇਸ ਦੇ ਉਲਟ ਸੋਚਦਾ ਹੈ, ਉਹ ਗਿਆਨੀ ਹੈ। - 247

ਜਿਨੇਂਦਰ ਦੇਵ ਦਾ ਕਥਨ ਹੈ ਕਿ ਪ੍ਰਾਣੀਆਂ ਦੀ ਮੌਤ ਉਮਰ ਦੇ ਖ਼ਤਮ ਹੋਣ ਨਾਲ ਹੁੰਦੀ ਹੈ। ਜਦ ਤੁਸੀਂ ਉਨ੍ਹਾਂ ਦੀ ਉਮਰ ਨੂੰ ਚੁਰਾ ਨਹੀਂ ਸਕਦੇ ਤਾਂ ਤੁਸੀਂ ਉਨ੍ਹਾਂ ਦੀ ਮੌਤੇ ਦੇ ਜ਼ਿੰਮੇਵਾਰ ਕਿਵੇਂ ਹੋਏ ? - 248

ਜਿਨੇਂਦਰ ਦੇਵਾਂ ਦਾ ਕਥਨ ਹੈ ਕਿ ਪ੍ਰਾਣੀਆਂ ਦੀ ਮੌਤ ਉਮਰ ਦੇ ਖ਼ਤਮ ਹੋਣ ਨਾਲ ਹੁੰਦੀ ਹੈ। ਜਦੋਂ ਦੂਸਰੇ ਪ੍ਰਾਣੀਆਂ ਨੇ ਤੁਹਾਡੀ ਉਮਰ ਦਾ ਹਰਨ ਹੀ ਨਹੀਂ ਕੀਤਾ ਤਾਂ ਉਹ ਤੁਹਾਡੀ ਮੌਤ ਦੇ ਜ਼ਿੰਮੇਵਾਰ ਕਿਵੇਂ ਹੋਇਆ ? - 249

ਜੋ ਵਿਅਕਤੀ ਸੋਚਦਾ ਹੈ ਕਿ ਉਹ ਦੂਸਰੇ ਪ੍ਰਾਣੀਆਂ ਨੂੰ ਅਤੇ ਦੂਸਰੇ ਪ੍ਰਾਣੀ ਉਸ ਨੂੰ ਜੀਵਨ ਦਿੰਦੇ ਹਨ ਉਹ ਪਾਗਲ ਅਤੇ

ਅਗਿਆਨੀ ਹੈ। ਜੋ ਉਸ ਦੇ ਉਲਟ ਸੋਚਦਾ ਹੈ, ਉਹ ਗਿਆਨੀ ਹੈ। - 250

ਸਰਵੱਗ ਦੇਵਾਂ ਦਾ ਕਥਨ ਹੈ ਕਿ ਜੀਵ ਆਪਣੇ ਆਯੂ (ਉਮਰ) ਕਰਮ ਦੇ ਉਦੈ ਤੋਂ ਜੀਵਿਤ ਰਹਿੰਦਾ ਹੈ। ਇਸ ਲਈ ਜਦ ਤੁਸੀਂ ਦੂਸਰੇ ਪ੍ਰਾਣੀਆਂ ਨੂੰ ਆਯੂ ਕਰਮ ਹੀ ਨਹੀਂ ਦਿੱਤਾ ਤਦ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਤੁਸੀਂ ਉਹਨਾਂ ਨੂੰ ਜੀਵਨ ਦਿੱਤਾ ਹੈ ? - 251

ਸਰਵੱਗ ਦੇਵ ਦਾ ਕਥਨ ਹੈ ਕਿ ਜੀਵ ਆਪਣੇ ਆਯੂ ਕਰਮ ਦੇ ਉਦੈ ਤੋਂ ਜੀਵਿਤ ਰਹਿੰਦਾ ਹੈ। ਇਸ ਲਈ ਜਦ ਦੂਸਰੇ ਪ੍ਰਾਣੀਆਂ ਨੇ ਤੁਹਾਨੂੰ ਆਯੂ ਕਰਮ ਹੀ ਨਹੀਂ ਦਿੱਤਾ ਤਦ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਉਨ੍ਹਾਂ ਨੇ ਤੁਹਾਨੂੰ ਜੀਵਨ ਦਿੱਤਾ ਹੈ ? - 252

ਜੋ ਮਨੁੱਖ ਇਹ ਸੋਚਦਾ ਹੈ ਕਿ ਉਹ ਦੂਸਰੇ ਪ੍ਰਾਣੀਆਂ ਨੂੰ ਦੁਖੀ ਜਾਂ ਸੁਖੀ ਕਰਦਾ ਹੈ, ਉਹ ਪਾਗਲ ਅਤੇ ਅਗਿਆਨੀ ਹੈ। ਜੋ ਇਸ ਦੇ ਉਲਟ ਸੋਚਦਾ ਹੈ, ਉਹ ਗਿਆਨੀ ਹੈ। - 253

ਜੇਕਰ ਸੰਸਾਰ ਦੇ ਸਾਰੇ ਪ੍ਰਾਣੀਆਂ ਨੂੰ ਉਨ੍ਹਾਂ ਦੇ ਆਪਣੇ ਕਰਮਾਂ ਦੇ ਉਦੈ ਨਾਲ ਸੁੱਖ-ਦੁੱਖ ਹੁੰਦਾ ਹੈ ਤਾਂ ਜਦੋਂ ਤੁਸੀਂ ਉਨ੍ਹਾਂ ਪ੍ਰਾਣੀਆਂ ਨੂੰ ਕਰਮ ਹੀ ਨਹੀਂ ਦਿੱਤੇ ਤਾਂ ਤੁਸੀਂ ਉਨ੍ਹਾਂ ਦੇ ਸੁੱਖ-ਦੁੱਖ ਦੇ ਜ਼ਿੰਮੇਵਾਰ ਕਿਵੇਂ ਹੋ ? - 254

ਜੇਕਰ ਸੰਸਾਰ ਦੇ ਸਾਰੇ ਪ੍ਰਾਣੀਆਂ ਨੂੰ ਉਨ੍ਹਾਂ ਦੇ ਕਰਮਾਂ ਦੇ ਉਦੈ ਨਾਲ ਸੁੱਖ-ਦੁੱਖ ਹੁੰਦੇ ਹਨ ਤਾਂ ਜਦ ਉਨ੍ਹਾਂ ਤੁਹਾਨੂੰ ਕਰਮ ਹੀ ਨਹੀਂ ਦਿੱਤੇ ਤਾਂ ਉਨ੍ਹਾਂ ਤੁਹਾਨੂੰ ਦੁਖੀ ਕਿਵੇਂ ਕੀਤਾ ? - 255

ਜੇਕਰ ਸੰਸਾਰ ਦੇ ਸਾਰੇ ਪ੍ਰਾਣੀਆਂ ਨੂੰ ਉਨ੍ਹਾਂ ਦੇ ਕਰਮਾਂ ਦੇ ਉਦੈ ਨਾਲ ਸੁੱਖ-ਦੁੱਖ ਹੁੰਦੇ ਹਨ ਤਾਂ ਜਦ ਉਨ੍ਹਾਂ ਤੁਹਾਨੂੰ ਕਰਮ ਹੀ ਨਹੀਂ ਦਿੱਤੇ ਤਾਂ ਉਨ੍ਹਾਂ ਤੁਹਾਨੂੰ ਸੁਖੀ ਕਿਵੇਂ ਕੀਤਾ ? - 255

ਜੋ ਮਰਦਾ ਹੈ ਅਤੇ ਜੋ ਦੁਖੀ ਹੁੰਦਾ ਹੈ, ਉਹ ਸਭ ਉਸ ਦੇ ਆਪਣੇ ਕਰਮਾਂ ਦਾ ਫਲ ਹੈ। ਅਜਿਹੇ ਵਿੱਚ ਇਹ ਸੋਚਣਾ ਕਿ ਮੈਂ ਉਸ ਨੂੰ ਮੌਤ ਦਿੱਤੀ, ਮੈਂ ਉਸ ਨੂੰ ਦੁਖੀ ਕੀਤਾ, ਕੀ ਮਿੱਥਿਆ ਨਹੀਂ ਹੈ। - 257

ਜੋ ਨਾ ਮਰਦਾ ਹੈ ਅਤੇ ਨਾ ਦੁਖੀ ਹੁੰਦਾ ਹੈ, ਉਹ ਵੀ ਉਸ ਦੇ ਆਪਣੇ ਕਰਮਾਂ ਦਾ ਫਲ ਹੈ। ਅਜਿਹੇ ਵਿੱਚ ਇਹ ਸੋਚਣਾ ਕਿ ਮੈਂ ਉਸਨੂੰ ਮਰਨ ਨਹੀਂ ਦਿੱਤਾ, ਮੈਂ ਉਸ ਨੂੰ ਦੁਖੀ ਨਹੀਂ ਹੋਣ ਦਿੱਤਾ, ਇਹ ਮਿੱਥਿਆ ਨਹੀਂ ਹੈ ? - 258

ਹੇ ਜੀਵ, ਤੇਰੀ ਇਹ ਬੁੱਧੀ ਕਿ ਤੂੰ ਜੀਵਾਂ ਨੂੰ ਸੁਖੀ ਦੁਖੀ ਕਰਦਾ ਹੈ ਤੇਰਾ ਪਾਗਲਪਣ ਹੈ ਅਤੇ ਇਹੀ ਪਾਗਲ ਬੁੱਧੀ ਤੈਨੂੰ ਸ਼ੁਭ ਅਸ਼ੁਭ ਕਰਮਾਂ ਨਾਲ ਬੰਨ੍ਹਦੀ ਹੈ। - 259

ਹੇ ਜੀਵ, ਇਹ ਜੋ ਤੂੰ ਸੋਚਦਾ ਹੈਂ ਕਿ ਤੂੰ ਜੀਵ ਨੂੰ ਦੁਖੀ ਸੁਖੀ ਕਰਦਾ ਹੈਂ, ਇਹੀ ਤੇਰੇ ਪੁੰਨ ਜਾਂ ਪਾਪ ਦੇ ਬੰਧ ਦਾ ਕਾਰਨ ਹੈ। - 260

ਇਸੇ ਤਰ੍ਹਾਂ ਹੇ ਜੀਵ, ਇਹ ਜੋ ਤੇਰਾ ਸੋਚਣਾ ਹੈ ਕਿ ਤੂੰ ਜੀਵਾਂ ਨੂੰ ਮਾਰਦਾ ਹੈ ਜਾਂ ਉਨ੍ਹਾਂ ਨੂੰ ਜਿਉਂਦਾ ਰੱਖਦਾ ਹੈ, ਇਹ ਵੀ ਤੇਰੇ ਪਾਪ ਜਾਂ ਪੁੰਨ ਦੇ ਬੰਧ ਦਾ ਕਾਰਨ ਹੈ। - 261

ਜੀਵਾਂ ਨੂੰ ਮਾਰਿਆ ਜਾਵੇ ਜਾ ਨਾ ਨਾ ਮਾਰਿਆ ਜਾਵੇ ਲੇਕਿਨ ਮਾਰਨ ਦੇ ਭਾਵ ਮਾਤਰ ਨਾਲ ਹੀ ਕਰਮ ਬੰਧ ਹੋ ਜਾਂਦਾ ਹੈ। ਇਹ ਨਿਸ਼ਚੈ ਨਯ ਦਾ ਕਥਨ ਹੈ ਅਤੇ ਇਹੀ ਬੰਧ ਤੱਤਵ ਦਾ ਸਾਰ ਹੈ। - 262

ਇਸੇ ਤਰ੍ਹਾਂ ਝੂਠ, ਚੋਰੀ, ਕੁਸ਼ੀਲ ਅਤੇ ਪਰਿਗ੍ਰਹਿ (ਸੰਗ੍ਰਹਿ) ਦੇ ਭਾਵ ਨਾਲ ਹੀ ਪਾਪ ਦਾ ਬੰਧ ਹੋ ਜਾਂਦਾ ਹੈ। - 263

ਅਤੇ ਸੱਚ ਬੋਲਣ, ਚੋਰੀ ਨਾ ਕਰਨ, ਬ੍ਰਹਮਚਰਜ ਦਾ ਪਾਲਨ ਕਰਨ ਅਤੇ ਅਪਰਿਗ੍ਰਹਿ ਦੇ ਭਾਵ ਨਾਲ ਹੀ ਪੁੰਨ ਦਾ ਬੰਧ ਹੁੰਦਾ ਹੈ। - 264

ਜੀਵਾਂ ਵਿੱਚ ਰਾਗ ਆਦਿ ਦਾ ਭਾਵ ਕਿਸੇ ਬਾਹਰਲੀ ਵਸਤੂ ਦਾ ਨਿਮਿਤ ਪ੍ਰਾਪਤ ਕਰਕੇ ਜਨਮ ਲੈਂਦਾ ਹੈ। ਬਾਹਰੀ ਵਸਤੂ ਖੁਦ ਬੰਧ ਦਾ ਕਾਰਨ ਨਹੀਂ ਹੁੰਦੀ। ਜੀਵਾਂ ਦਾ ਉਕਤ ਰਾਗ ਆਦਿ ਭਾਵ ਜਾਂ ਅਧਿਅਵਸਾਨ ਹੀ ਬੰਧ ਦਾ ਕਾਰਨ ਹੁੰਦਾ ਹੈ। - 265

ਹੇ ਭਾਈ ਜੀਵ, ਇਹ ਜੋ ਤੇਰੀ ਪਾਗਲ ਬੁੱਧੀ ਹੈ ਕਿ ਤੂੰ ਜੀਵਾਂ ਨੂੰ ਦੁਖੀ ਜਾਂ ਸੁਖੀ ਕਰ ਸਕਦਾ ਹੈ, ਬੰਨ੍ਹ ਜਾਂ ਛੁਡਵਾ ਸਕਦਾ ਹੈ, ਇਹ ਨਿਰਅਰਥਕ ਅਤੇ ਮਿੱਥਿਆ ਹੈ। - 266

ਜੇ ਜੀਵ (ਆਤਮਾਵਾਂ) ਆਪਣੇ ਅਧਿਅਵਸਾਨ (ਭਾਵ) ਦੇ ਕਾਰਨ ਕੰਮ ਨਾ ਬੰਨ੍ਹਦੀ ਅਤੇ ਮੋਕਸ਼ ਮਾਰਗ ਵਿੱਚ ਸਥਿਤ ਹੋਣ ’ਤੇ ਉਸ ਤੋਂ (ਕਰਮ ਤੋਂ) ਛੁੱਟਦੀ ਹੈ ਤਾਂ ਹੇ ਭਾਈ, ਇਸ ਵਿੱਚ ਤਾਂ ਤੇਰੀ ਕੁਝ ਵੀ ਭੂਮਿਕਾ ਨਹੀਂ ਹੈ। - 267

ਜੀਵ (ਆਤਮਾ) ਆਪਣੇ ਅਧਿਅਵਸਾਨ (ਭਾਗ) ਨਾਲ ਸਾਰੇ ਪਸ਼ੂਆਂ ਜੂਨਾਂ, ਨਾਰਕੀ, ਦੇਵਤਿਆਂ, ਮਨੁੱਖਾਂ, ਹੋਰ ਸਾਰੇ ਪਰਿਆਵਾਂ, ਅਨੇਕ ਪ੍ਰਕਾਰ ਦੇ ਪੁੰਨ-ਪਾਪ, ਧਰਮ-ਅਧਰਮ, ਜੀਵ-ਅਜੀਵ ਅਤੇ ਲੋਕ-ਅਲੋਕ ਨੂੰ ਆਪਣਾ ਹੀ ਸਰੂਪ ਮੰਨਦਾ ਫਿਰਦਾ ਹੈਂ। - 268, 269

ਉਪਰੋਕਤ ਅਧਿਅਵਸਾਨ (ਭਾਵਾਂ) ਅਤੇ ਇਸੇ ਪ੍ਰਕਾਰ ਦੇ ਹੋਰ ਅਧਿਅਵਸਾਨਾਂ ਤੋਂ ਮੁਕਤ (ਰਹਿਤ) ਮੁਨੀਗਣ ਹੀ ਸ਼ੁਭ-ਅਸ਼ੁਭ ਕਰਮਾਂ ਵਿੱਚ ਲਿਪਤ ਨਹੀਂ ਹੁੰਦੇ। - 270

ਬੁੱਧੀ (ਓਅਦਕਗਤਵ਼ਅਦਜਅਪ), ਵਪਾਰ (resolving), ਅਧਿਅਵਸਾਨ (conative activity), ਮਤੀ (thinking),

ਵਿਗਿਆਨ (knowing), ਚਿੱਤ, ਭਾਵ ਅਤੇ ਪਰਿਨਾਮ (conscious manifestation) ਇਹ ਸਭ ਇੱਕ ਹੀ ਅਰਥ ਦੇ ਵੱਲ ਇਸ਼ਾਰਾ ਕਰਦੇ ਹਨ। - 271

ਅਧਿਅਵਸਾਨ ਦੇ ਅਨੂਕੂਲ ਰੂਪ ਪਰ ਨਿਮਿਤ ਤੋਂ ਹੋਣ ਵਾਲੇ ਭਾਵ ਹਨ। ਇਸ ਲਈ ਉਹ ਵਿਵਹਾਰ ਨਯ ਹਨ। ਨਿਸ਼ਚੈ ਨਯ ਉਨ੍ਹਾਂ ਦਾ ਨਿਸ਼ੇਧ ਕਰਦਾ ਹੈ। ਮੁਨੀਗਣ ਤਾਂ ਨਿਸ਼ਚੈ ਨਯ ਦਾ ਆਸਰਾ ਲੈ ਕੇ ਹੀ ਨਿਰਵਾਣ ਨੂੰ ਪ੍ਰਾਪਤ ਕਰਦੇ ਹਨ। - 272

ਜਿਨੇਂਦਰ ਭਗਵਾਨ ਦੁਆਰਾ ਦੱਸੇ ਵਏ ਵਰਤ, ਸਮਿਤੀ, ਗੁਪਤੀ, ਸ਼ੀਲ ਅਤੇ ਤਪਾਂ ਨੂੰ ਕਰਦਾ ਹੋਇਆ ਵੀ ਅਭੱਵਯ (unfit for liberation) ਜੀਵ ਅਗਿਆਨੀ ਅਤੇ ਮਿੱਥਿਆਦ੍ਰਿਸ਼ਟੀ ਹੁੰਦਾ ਹੈ। - 273

ਮੋਕਸ਼ ਪਾਉਣ ਵਿੱਚ ਅਸਮਰੱਥ ਅਭੱਵਯ ਜੀਵ ਜੇਕਰ ਸ਼ਾਸਤਰ ਵੀ ਪੜ੍ਹਦਾ ਹੈ ਤਾਂ ਉਸ ਦਾ ਲਾਭ ਉਸ ਨੂੰ ਨਹੀਂ ਮਿਲਦਾ। - 274

ਅਭੱਵਯ ਜੀਵ ਕਰਮ ਖ਼ਾਤਮੇ ਦੇ ਲਈ ਨਹੀਂ, ਭੋਗਾਂ ਦੀ ਪ੍ਰਾਪਤੀ ਦੇ ਲਈ ਹੀ ਧਰਮ ਦੇ ਪ੍ਰਤੀ ਸ਼ਰਧਾ ਰੱਖਦਾ ਹੈ, ਧਰਮ ਨੂੰ ਪ੍ਰਤੀਤ ਵਿੱਚ ਲਿਆਉਂਦਾ ਹੈ, ਧਰਮ ਵਿੱਚ ਰੂਚੀ ਰੱਖਦਾ ਹੈ ਅਤੇ ਧਰਮ ਨੂੰ ਧਾਰਨ ਕਰਦਾ ਹੈ। - 275

ਵਿਵਹਾਰ ਨਯ ਦਾ ਮੱਤ ਹੈ ਕਿ ਆਚਾਰੰਗ ਆਦਿ ਸ਼ਾਸਤਰ ਪੜ੍ਹਣਾ ਗਿਆਨ ਹੈ, ਜੀਵ ਆਦਿ ਨੌ ਪਦਾਰਥਾਂ ਨੂੰ ਮੰਨਣਾ ਦਰਸ਼ਨ ਹੈ ਅਤੇ ਛੇ ਕਾਇਆ ਦੇ ਜੀਵਾਂ ਨੂੰ ਰੱਖਿਆ ਕਰਨਾ ਚਾਰਿੱਤਰ ਹੈ। - 276

ਪਰ ਨਿਸ਼ਚੈ ਨਯ ਦਾ ਮੱਤ ਹੈ ਕਿ ਪ੍ਰਾਣੀ ਦੀ ਆਤਮਾ ਹੀ ਗਿਆਨ ਹੈ, ਉਹੀ ਦਰਸ਼ਨ ਹੈ, ਉਹੀ ਚਾਰਿੱਤਰ ਹੈ, ਉਹੀ ਪ੍ਰਤਿਖਿਆਨ ਹੈ ਅਤੇ ਉਹ ਹੀ ਸੰਬਰ ਅਤੇ ਯੋਗ ਹੈ। – 277

ਜਿਵੇਂ ਸ਼ੁੱਧ ਚਮਕਦਾਰ ਮਣੀ ਆਪਣੇ ਆਪ ਵਿੱਚ ਕਿਸੇ ਰੰਗ ਦੀ ਨਹੀਂ ਹੁੰਦੀ, ਲਾਲ ਆਦਿ ਦੂਸਰੇ ਦਰੱਵਾਂ ਦੇ ਸੰਯੋਗ ਨਾਲ ਉਨ੍ਹਾਂ ਦੇ ਰੰਗ ਦੀ ਹੀ ਹੋ ਜਾਂਦੀ ਹੈ, ਉਸੇ ਤਰ੍ਹਾਂ ਹੀ ਆਤਮਾ ਤਾਂ ਸ਼ੁੱਧ ਹੁੰਦੀ ਹੈ, ਆਪਣੇ ਆਪ ਰਾਗ ਦਾ ਸ਼ਿਕਾਰ ਨਹੀਂ ਹੁੰਦੀ, ਬਾਹਰੀ ਅਸ਼ੁੱਧੀਆਂ ਦਾ ਨਿਮਿਤ ਪਾ ਕੇ ਰਾਗੀ ਹੋ ਜਾਂਦੀ ਹੈ। – 278, 279

(ਸ਼ੁੱਧ ਨਯ ਦੇ ਪੱਖੋਂ) ਆਤਮਾ ਗਿਆਨ ਹੁੰਦੀ ਹੈ। ਉਹ ਨ ਤਾਂ ਰਾਗ-ਦਵੇਸ਼ ਅਤੇ ਮੋਹ ਕਰਦੀ ਹੈ ਅਤੇ ਨਾ ਹੀ ਉਸ ਵਿੱਚ ਕਸ਼ਾਏ ਭਾਵ ਹੁੰਦਾ ਹੈ। ਇਸ ਲਈ ਉਹ ਇਨ੍ਹਾਂ ਭਾਵਾਂ ਦੀ ਕਰਤਾ ਨਹੀਂ ਹੁੰਦੀ। – 280

ਹਾਂ, ਇੰਨਾ ਜ਼ਰੂਰ ਹੈ ਕਿ ਰਾਗ-ਦਵੇਸ਼ ਅਤੇ ਕਸ਼ਾਏ ਕਰਮਾਂ ਦੇ ਉਦੈ ਵਿੱਚ ਆਉਣ 'ਤੇ ਜੋ ਭਾਵ ਹੁੰਦੇ ਹਨ ਉਨ੍ਹਾਂ ਵਿੱਚ ਪਰਿਨਮਨ ਕਰਦੀ ਹੋਈ ਅਗਿਆਨੀ ਹੋ ਚੁੱਕੀ ਆਤਮਾ ਰਾਗ ਆਦਿ ਕਰਮਾਂ ਦਾ ਬਾਰ ਬਾਰ ਬੰਧ ਕਰਦੀ ਹੈ। – 281

(ਅਰਥਾਤ) ਰਾਗ, ਦਵੇਸ਼ ਅਤੇ ਕਸ਼ਾਏ ਕਰਮਾਂ ਦੇ ਉਦੈ ਵਿੱਚ ਆਉਣ 'ਤੇ ਆਤਮਾ ਦੇ ਜੋ ਭਾਵ ਹੁੰਦੇ ਹਨ ਉਨ੍ਹਾਂ ਨਾਲ ਪਰਿਨਮਨ ਕਰਦੀ ਹੋਈ ਉਹ ਰਾਗ ਾਦਿ ਕਰਮਾਂ ਦਾ ਬੰਧ ਕਰਦੀ ਹੈ। – 282

## ਅਪ੍ਰਤੀਕ੍ਰਮਣ (non-atonement) ਅਤੇ ਅਪ੍ਰਤਿਖਿਆਨ (non-renunciation)

ਦਰੱਵ ਅਤੇ ਭਾਵ ਦੇ ਭੇਦ ਤੋਂ ਦੋ-ਦੋ ਪ੍ਰਕਾਰ ਦੇ ਹਨ - ਦਰੱਵ ਅਪ੍ਰਤਿਕ੍ਰਮਨ ਅਤੇ ਭਾਵ ਅਪ੍ਰਤਿਕ੍ਰਮਨ ਅਤੇ ਦਰੱਵ ਅਪ੍ਰਤਿਖਿਆਨ ਅਤੇ ਭਾਵ ਅਪ੍ਰਤਿਖਿਆਨ। ਇਨ੍ਹਾਂ ਭੇਦਾਂ ਤੋਂ ਹੀ ਇਹ ਸੰਕੇਤ ਮਿਲਦਾ ਹੈ ਕਿ ਅਪ੍ਰਤੀਕ੍ਰਮਨ ਅਤੇ ਅਪ੍ਰਤਿਖਿਆਨ ਵਿੱਚ ਬਾਹਰ ਦੀ ਭੂਮਿਕ ਹੈ। ਇਨ੍ਹਾਂ ਭੇਦਾਂ ਤੋਂ ਹੀ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਆਤਮਾ ਕਰਮਾਂ ਦੀ ਕਰਤਾ ਨਹੀਂ ਹੈ। ਇਨ੍ਹਾਂ ਵਿਵੇਚਨਾਂ ਤੋਂ ਉਸ ਨੂੰ ਕਰਮਾਂ ਦੀ ਕਰਤਾ ਕਿਹਾ ਵੀ ਨਹੀਂ ਗਿਆ ਹੈ। ਆਤਮਾ ਤਦ ਤੱਕ ਹੀ ਕਰਮਾਂ ਦੀ ਕਰਤਾ ਹੈ ਜਦ ਤੱਕ ਉਹ ਦਰੱਵ ਅਤੇ ਭਾਵ ਵਿੱਚ ਅਪ੍ਰਤਿਕ੍ਰਮਨ ਅਤੇ ਅਪ੍ਰਤਿਖਿਆਨ ਕਰਦੀ ਹੈ। ਅਰਥਾਤ ਜਦ ਤੱਕ ਆਤਮਾ ਦਰੱਵ ਅਤੇ ਭਾਵ ਵਿੱਚ ਪ੍ਰਤਿਕ੍ਰਮਨ ਅਤੇ ਪ੍ਰਤਿਖਿਆਨ ਨਹੀਂ ਕਰਦੀ ਤਦ ਤੱਕ ਕਰਮਾਂ ਦੀ ਕਰਤਾ ਹੈ। - 283, 284, 285

ਅਧ-ਕਰਮ ਪੁਦਗਲ ਦਰੱਵ ਦੇ ਦੋਸ਼ ਹਨ। ਉਹ ਹਮੇਸ਼ਾ ਪੁਦਗਲ ਦਰੱਵ ਦੇ ਹੀ ਹਨ। ਗਿਆਨ ਮਈ ਆਤਮਾ ਉਨ੍ਹਾਂ ਦੀ ਕਰਤਾ ਕਿਵੇਂ ਹੋ ਸਕਦੀ ਹੈ। - 286

ਇਸੇ ਪ੍ਰਕਾਰ ਅਧ-ਕਰਮ ਅਤੇ ਕਿਸੇ ਦੇ ਉਦੇਸ਼ ਤੋਂ ਕੀਤਾ ਗਿਆ ਕੰਮ (ਜਿਵੇਂ ਉਦਦੇਸ਼ਿਕ ਭੋਜਨ) ਵੀ ਪੁਦਗਲ ਦਰੱਵ ਹੈ। ਇਹ ਨਿੱਤ ਅਚੇਤਨ ਹੈ। ਵੁਹ ਗਿਆਨਵਾਨ ਆਤਮਾ ਕਿਵੇਂ ਹੋ ਸਕਦਾ ਹੈ ? - 287

# ਅਧਿਆਇ - 9

## ਮੋਕਸ਼

ਜਿਵੇਂ ਕੋਈ ਵਿਅਕਤੀ ਲੰਮੇ ਸਮੇਂ ਤੱਕ ਬੰਧਨ ਵਿੱਚ ਰਹਿਣ ਨਾਲ ਬੰਧਨ ਦੇ ਤੇਜ, ਮੰਦ ਸੁਭਾਅ ਨੂੰ ਅਤੇ ਬੰਧਨ ਦੇ ਸਮੇਂ ਨੂੰ ਤਾਂ ਜਾਣਦਾ ਹੈ, ਪਰ ਬੰਧਨ ਨੂੰ ਖੁਦ ਨਾ ਕੱਟਣ ਦੇ ਕਾਰਨ ਉਸ ਨੂੰ ਬੰਧਨ ਵਿੱਚ ਹੀ ਰਹਿਣਾ ਪੈਂਦਾ ਹੈ, ਸਮਾਂ ਬੀਤਦਾ ਜਾਂਦਾ ਹੈ, ਪਰ ਉਸ ਨੂੰ ਬੰਧਨ ਤੋਂ ਮੁਕਤੀ ਨਹੀਂ ਮਿਲਦੀ ਉਸੇ ਤਰ੍ਹਾਂ ਹੀ ਕਰਮ ਬੰਧ ਦੇ ਭੇਦਾਂ ਅਰਥਾਤ ਪ੍ਰਦੇਸ਼, ਸਥਿਤੀ, ਪ੍ਰਾਕ੍ਰਿਤੀ ਅਤੇ ਅਨੁਭਾਗ ਨੂੰ ਜਾਣਦਾ ਹੋਇਆ ਵੀ ਮਨੁੱਖ ਕਰਮ ਬੰਧ ਤੋਂ ਮੁਕਤ ਨਹੀਂ ਹੋ ਸਕਦਾ। ਮੁਕਤ ਤਾਂ ਉਹ ਹੋ ਸਕਦਾ ਹੈ ਜੋ ਸ਼ੁੱਧ ਹੋਵੇ, ਰਾਗ ਆਦਿ ਭਾਵਾਂ ਤੋਂ ਰਹਿਤ ਹੋਵੇ। - 288, 289, 290

ਜਿਵੇਂ ਬੰਧਨਾਂ ਵਿੱਚ ਬੰਨ੍ਹਿਆ ਹੋਇਆ ਮਨੁੱਖ ਬੰਧਨਾਂ ਦੇ ਬਾਰੇ ਵਿਚਾਰ ਕਰਦੇ ਰਹਿਣ 'ਤੇ ਵੀ ਬੰਧਨਾਂ ਤੋਂ ਛੁਟਕਾਰਾ ਨਹੀਂ ਪਾਉਂਦਾ ਉਸੇ ਤਰ੍ਹਾਂ ਹੀ ਕਰਮ ਬੰਧ ਦੇ ਬਾਰੇ ਵਿੱਚ ਸਿਰਫ ਵਿਚਾਰ ਕਰਦੇ ਰਹਿਣ ਨਾਲ ਆਤਮਾ ਨੂੰ ਮੋਕਸ਼ ਨਹੀਂ ਮਿਲਦਾ। ਮੋਕਸ਼ ਦੇ ਲਈ ਤਾਂ ਪੁਰਸ਼ਾਰਥ ਦੀ ਜ਼ਰੂਰਤ ਹੁੰਦੀ ਹੈ। - 291

ਜਿਵੇਂ ਬੰਧਨਾਂ ਵਿੱਚ ਬੰਨ੍ਹਿਆ ਮਨੁੱਖ ਬੰਧਨਾਂ ਨੂੰ ਕੱਟ ਕੇ ਹੀ ਉਨ੍ਹਾਂ ਤੋਂ ਛੁਟਕਾਰਾ ਪਾਉਂਦਾ ਹੈ ਉਸੇ ਤਰ੍ਹਾਂ ਹੀ ਆਤਮਾ ਵੀ ਕਰਮ ਬੰਧਨਾਂ ਨੂੰ ਕੱਟ ਕੇ ਮੋਕਸ਼ ਪ੍ਰਾਪਤ ਕਰਦੀ ਹੈ। - 292

ਆਤਮਾ ਅਤੇ ਕਰਮ ਬੰਧਨਾਂ ਦੇ ਸੁਭਾਅ ਨੂੰ ਜਾਣ ਕੇ ਜੋ ਮਨੁੱਖ ਬੰਧਨਾਂ ਤੋਂ ਵਿਰਕਤ ਹੋ ਜਾਂਦਾ ਹੈ, ਉਸ ਨੂੰ ਹੀ ਕਰਮਾਂ ਤੋਂ ਛੁਟਕਾਰਾ ਮਿਲਦਾ ਹੈ। - 293

ਆਤਮਾ ਅਤੇ ਕਰਮ ਬੰਧਨ ਦੇ ਨਿਸ਼ਚਿਤ ਲੱਛਣਾਂ ਨੂੰ ਅਲੱਗ-ਅਲੱਗ ਪਹਿਚਾਣ ਕੇ ਉਨ੍ਹਾਂ 'ਤੇ ਪ੍ਰੱਗਿਆ ਰੂਪੀਛੈਣੀ ਨੂੰ ਇਸ ਤਰ੍ਹਾਂ ਚਲਾਉਣਾ ਚਾਹੀਦਾ ਹੈ ਕਿ ਉਹ ਅਲੱਗ-ਅਲੱਗ ਹੋ ਜਾਣ। - 294

ਆਤਮਾ ਅਤੇ ਕਰਮ ਬੰਧਨ ਦੇ ਨਿਸ਼ਚਿਤ ਲੱਛਣਾਂ ਨੂੰ ਇਸ ਤਰ੍ਹਾਂ ਛੇਦਨਾ ਚਾਹੀਦਾ ਹੈ ਕਿ ਕਰਮ ਬੰਧ (ਕਰਮ ਬੰਧਨ) ਤਾਂ ਛੇਦ ਕੇ ਵੱਖ-ਵੱਖ ਹੋ ਜਾਣ ਅਤੇ ਸ਼ੁੱਧ ਆਤਮਾ ਪ੍ਰਾਪਤ ਹੋ ਜਾਵੇ। - 295

ਸਵਾਲ ਪੈਦਾ ਹੁੰਦਾ ਹੈ ਕਿ ਉਸ ਸ਼ੁੱਧ ਆਤਮਾ ਨੂੰ ਪ੍ਰਾਪਤ ਕਿਵੇਂ ਕੀਤਾ ਜਾਵੇ ? (ਆਚਾਰਿਆ ਦਾ ਉਤਰ ਹੈ) ਉਸ ਨੂੰ ਪ੍ਰੱਗਿਆ ਰਾਹੀਂ ਹੀ ਪ੍ਰਾਪਤ ਕੀਤਾ ਜਾਵੇ। ਜਿਵੇਂ ਪ੍ਰੱਗਿਆ ਨਾਲ ਉਸ ਨੂੰ ਕਰਮ ਬੰਧ ਤੋਂ ਵੱਖ ਕੀਤਾ ਸੀ ਉਸੇ ਹੀ ਪ੍ਰੱਗਿਆ ਨਾਲ ਉਸ ਨੂੰ ਪ੍ਰਾਪਤ ਕਰ ਲਿਆ ਜਾਵੇ। - 296

ਇਹ ਜਾਨਣਾ ਚਾਹੀਦਾ ਹੈ ਕਿ ਚੇਤਨਸਰੂਪ ਆਤਮਾ ਪ੍ਰੱਗਿਆ ਦੁਆਰਾ ਪ੍ਰਾਪਤ ਕਰਨ ਯੋਗ ਹੈ, ਨਿਸ਼ਚੈ ਹੀ ਉਹ ਮੈਂ ਹੀ ਹਾਂ ਅਤੇ ਜੋ ਬਾਕੀ ਭਾਵ ਹਨ ਉਹ ਮੇਰੇ ਤੋਂ ਭਿੰਨ ਅਤੇ ਪਰਾਏ ਹਨ। - 297

ਇਹ ਜਾਨਣਾ ਚਾਹੀਦਾ ਹੈ ਕਿ ਪ੍ਰੱਗਿਆ ਦੁਆਰਾ ਗ੍ਰਹਿਣ ਕਰਨ ਯੋਗ ਜੋ ਦ੍ਰਿਸ਼ਟਾ (ਵੇਖਣ ਵਾਲਾ) ਹੈ, ਉਹ ਨਿਸ਼ਚੈ ਹੀ ਮੈਂ ਹਾਂ ਅਤੇ ਜੋ ਬਾਕੀ ਭਾਵ ਹਨ ਉਹ ਮੇਰੇ ਤੋਂ ਭਿੰਨ ਤੇ ਪਰਾਏ ਹਨ। - 298

ਇਹ ਜਾਨਣਾ ਚਾਹੀਦਾ ਹੈ ਕਿ ਪ੍ਰੱਗਿਆ ਦੁਆਰਾ ਗ੍ਰਹਿਣ ਕਰਨ ਯੋਗ ਜੋ ਗਿਆਤਾ ਹੈ ਉਹ ਨਿਸ਼ਚੈ ਹੀ ਮੈਂ ਹੀ ਹਾਂ ਅਤੇ ਜੋ ਬਾਕੀ ਭਾਵ ਹੈ ਉਹ ਮੇਰੇ ਤੋਂ ਭਿੰਨ ਅਤੇ ਪਰਾਏ ਹਨ। - 299

ਆਪਣੀ ਸ਼ੁੱਧ ਆਤਮਾ ਨੂੰ ਜਾਨਣ ਵਾਲਾ ਅਜਿਹਾ ਕੌਣ ਗਿਆਨੀ ਹੋਵੇਗਾ ਜੋ ਉਨ੍ਹਾਂ ਸਾਰੇ ਭਾਵਾਂ ਨੂੰ ਆਪਣਾ ਕਹੇਗਾ ਜਿਨ੍ਹਾਂ ਦੇ ਬਾਰੇ ਵਿੱਚ ਉਹ ਜਾਣਦਾ ਹੈ ਕਿ ਉਹ ਪਰਾਏ ਹਨ। - 300

ਜੋ ਮਨੁੱਖ ਚੋਰੀ ਆਦਿ ਅਪਰਾਧਾਂ ਨੂੰ ਕਰਦਾ ਹੈ ਉਸ ਨੂੰ ਇਹ ਸ਼ੰਕਾ ਬਣੀ ਰਹਿੰਦੀ ਹੈ ਕਿ ਕਿਤੇ ਲੋਕਾਂ ਦੇ ਵਿੱਚ ਘੁੰਮਦੇ ਹੋਏ ਉਸ ਨੂੰ ਪਹਿਚਾਣ ਕੇ ਗ੍ਰਿਫਤਾਰ ਨਾ ਕਰ ਲਿਆ ਜਾਵੇ। - 301

ਇਸ ਦੇ ਉਲਟ ਜੋ ਅਪਰਾਧ ਨਹੀਂ ਕਰਦਾ ਉਹ ਦੇਸ਼ ਵਿੱਚ ਬਿਨਾਂ ਕਿਸੇ ਸ਼ੱਕ ਦੇ ਘੁੰਮਦਾ ਹੈ। ਉਸ ਨੂੰ ਗ੍ਰਿਫਤਾਰ ਹੋਣ ਆਦਿ ਦੀ ਕੋਈ ਚਿੰਤਾ ਨਹੀਂ ਰਹਿੰਦੀ। - 302

ਇਸੇ ਤਰ੍ਹਾਂ ਅਪਰਾਧੀ ਆਤਮਾ ਸ਼ੰਕਾ ਵਿੱਚ ਰਹਿੰਦੀ ਹੈ ਕਿ ਕਿਤੇ ਉਹ ਕਰਮਾਂ (ਗਿਆਨਾਵਰਨੀਆ ਆਦਿ) ਦੇ ਦੁਆਰਾ ਬੰਨ੍ਹ ਨਾ ਲਈ ਜਾਵੇ। ਇਸ ਦੇ ਉਲਟ ਨਿਰਅਪਰਾਧ ਆਤਮਾ ਨਿਸ਼ੰਕਾ ਵਿੱਚ ਰਹਿੰਦੀ ਹੈ ਕਿ ਉਹ ਬੰਨ੍ਹੀ ਨਹੀਂ ਜਾ ਸਕਦੀ। - 303

ਸੰਸਿੱਧੀ, ਰਾਧ, ਸਿੱਧ, ਸਾਚਿਤ ਅਤੇ ਆਰਾਧਿਤ ਇਹ ਸਾਰੇ ਸ਼ਬਦ ਇੱਕ ਹੀ ਅਰਥ ਦੇ ਸੰਕੇਤਕ ਹਨ ਜੋ ਆਤਮਾ ਰਾਧ (ਆਪਣੇ ਸ਼ੁੱਭ ਸਰੂਪ ਦੀ ਅਰਾਧਨਾ) ਤੋਂ ਰਹਿਤ ਹੈ, ਉਹ ਅਪਰਾਧੀ ਹੈ।

ਜੋ ਆਤਮਾ ਆਪਣੇ ਸਰੂਪ ਨੂੰ ਜਾਣਦੀ ਹੈ ਉਸ ਨੂੰ ਕੋਈ ਸ਼ੰਕਾ ਨਹੀਂ ਹੁੰਦੀ। ਉਹ ਆਰਾਧਨਾਪੂਰਵਕ ਰਹਿੰਦੀ ਹੈ। ਉਹ ਅਪਰਾਧੀ ਨਹੀਂ ਹੁੰਦੀ। - 304, 305

ਪ੍ਰਤਿਕ੍ਰਮਣ (ਅਤੀਤ ਵਿੱਚ ਹੋਏ ਦੋਸ਼ਾਂ ਦਾ ਪਛਤਾਵਾ/ਪਸ਼ਚਾਤਾਪ), ਪ੍ਰਤਿਸਰਣ (ਅੱਛਾਈ ਦੀ ਤਲਾਸ਼ ਅਤੇ ਉਸ ’ਤੇ ਚੱਲਣਾ), ਪਰਿਹਾਰ (ਪ੍ਰਾਸ਼ਚਿਤ ਦਾ ਇੱਕ ਪ੍ਰਕਾਰ ਜਿਸ ਵਿੱਚ ਨਿਸ਼ਚਿਤ ਸਮੇਂ ਲਈ ਸੰਘ ਤੋਂ ਦੂਰੀ ਬਣਾ ਕੇ ਰਹਿਣਾ ਹੁੰਦਾ ਹੈ), ਧਾਰਨਾ (ਇਕਾਗਰਤਾ), ਨਿਵਿਰਤੀ (ਬਾਹਰੀ ਪਦਾਰਥਾਂ ਤੋਂ

ਨਿਰਲੇਪਤਾ), ਨਿੰਦਾ (ਆਤਮ ਸਮੀਖਿਆ), ਗਹ੍ਰਾ (ਗੁਰੂ ਦੇ ਸਾਹਮਣੇ ਆਪਣੇ ਦੋਸ਼ ਪ੍ਰਗਟ ਕਰਨਾ, ਉਨ੍ਹਾਂ ਨੂੰ ਸਵੀਕਾਰ ਕਰਨਾ) ਅਤੇ ਸ਼ੁੱਧੀ (ਪ੍ਰਾਸ਼ਚਿਤ ਦੁਆਰਾ ਮਿਲੀ ਨਿਰਮਲਤਾ) ਨੂੰ ਅੱਠ ਪ੍ਰਕਾਰ ਦਾ ਵਿਸ਼ਕੁੰਭ ਸਮਝਣਾ ਚਾਹੀਦਾ ਹੈ। ਇਸ ਦੇ ਉਲਟ ਅਪ੍ਰਤਿਕ੍ਰਮਣ, ਅਪ੍ਰਤਿਸਰਣ, ਅਪਰਿਹਾਰ, ਅਧਾਰਣਾ, ਅਨਿਵਿਰਤੀ, ਅਨਿੰਦਾ, ਅਗ੍ਰਹਾ ਅਤੇ ਅਸ਼ੁੱਧੀ ਨੂੰ ਅੱਠ ਪ੍ਰਕਾਰ ਦਾ ਅੰਮ੍ਰਿਤਕੁੰਭ ਸਮਝਣਾ ਚਾਹੀਦਾ ਹੈ। – 306, 307

ਵਿਸ਼ੇਸ਼ : ਪ੍ਰਸਤੁਤ ਦੋਵੇਂ ਗਾਥਾਵਾਂ ਠੀਕ ਆਪਣੀਆਂ ਪਹਿਲੀਆਂ ਗਾਥਾਵਾਂ (304, 305) ਦੀ ਨਿਰੰਤਰਤਾ ਵਿੱਚ ਹਨ। ਜੋ ਸਾਧਕ ਮੁਨੀ ਆਪਣੇ ਆਤਮਸਰੁਪ ਨੂੰ ਜਾਣਦਾ ਹੈ, ਸ਼ੰਕਾ ਤੋਂ ਰਹਿਤ ਹੈ, ਅਤੇ ਆਪਣੇ ਆਤਮਸਰੂਪ ਦੀ ਅਰਾਧਨਾ ਵਿੱਚ ਲੀਨ ਹੈ, ਉਸ ਦੇ ਲਈ ਪ੍ਰਤਿਕਰਮਣ ਆਦਿ ਦਾ ਪ੍ਰਸੰਗ ਅਤੇ ਜ਼ਰੂਰਤ ਹੀ ਨਹੀਂ ਪੈਦਾ ਹੁੰਦੀ। ਉਸ ਦੇ ਲਈ ਤਾਂ ਪ੍ਰਤਿਕਰਮਣ ਦੀ ਨੌਬਤ ਹੀ ਨਹੀਂ ਆਉਂਦੀ। ਸ਼ਾਸਤਰਾਂ ਦੀ ਸ਼ਬਦਾਵਲੀ ਵਿੱਚ ਕਿਹਾ ਜਾਵੇ ਤਾਂ ........ ਜਿੱਥੇ ਸ਼ੁਧੋਪਯੋਗੀ ਮੁਨੀ ਦੇ ਲਈ ਹੀ ਪ੍ਰਤਿਕਰਮਣ ਨੂੰ ਵਿਸ਼ਕੁੰਭ ਕਿਹਾ ਗਿਆ ਹੈ। ਅਜਿਹੇ ਮੁਨੀ ਸ਼ਪਕ ਸ਼੍ਰੇਣੀ ਦਾ ਆਰੋਹਣ ਕਰ ਚੁੱਕੇ ਹੁੰਦੇ ਹਨ। ਇਸ ਲਈ ਜੇਕਰ ਉਹ ਪ੍ਰਤਿਕਰਮਣ ਦਾ ਵਿਕਲਪ ਚੁਣਨਗੇ ਤਾਂ ਉਨ੍ਹਾਂ ਦੀ ਆਤਮ ਸਥਿਰਤਾ ਵਿੱਚ ਰੁਕਾਵਟ ਪਵੇਗੀ। ਪਰੰਤੂ ਜੋ ਮੁਨੀ ਸ਼ਪਕ ਸ਼੍ਰੇਣੀ ਆ ਆਰੋਹਣ ਨਹੀਂ ਕਰ ਸਕੇ ਹਨ ਉਨ੍ਹਾਂ ਦੇ ਲਈ ਤਾਂ ਪ੍ਰਤਿਕਰਮਣ ਅੰਮ੍ਰਿਤਕੁੰਭ ਹੈ। ਉਨ੍ਹਾਂ ਨੂੰ ਪ੍ਰਤਿਕਰਮਣ ਤੋਂ ਮੂੰਹ ਨਹੀਂ ਮੋੜਨਾ ਚਾਹੀਦਾ। ਇਹੋ ਕਾਰਨ ਹੈ ਕਿ ਹੋਰ ਥਾਂ 'ਤੇ ਕੁੰਦਕੁੰਦ ਨੇ ਪ੍ਰਤਿਕਰਮਣ ਅਤੇ ਪ੍ਰਤਿਆਖਾਨ ਦੀ ਮਹਿਮਾ ਦਾ ਭਰਪੂਰ ਗਾਣ ਕੀਤਾ ਹੈ। (ਗਾਥਾ 325 ਅਤੇ 386)

## ਅਧਿਆਇ – 10

# ਸਰਵ ਵਿਸ਼ੁੱਧ ਗਿਆਨ

ਜੋ ਦਰੱਵ ਆਪਦੇ ਜਿਨ੍ਹਾ ਗੁਣਾਂ ਤੋਂ ਉਤਪੰਨ ਹੁੰਦਾ ਹੈ, ਉਹ ਉਨ੍ਹਾਂ ਗੁਣਾਂ ਤੋਂ ਭਿੰਨ ਨਹੀਂ ਹੁੰਦਾ। ਸੋਨੇ ਦੇ ਕੜੇ ਆਪਣੇ ਅਲੱਗ ਪਰਿਆਏ (ਆਕਾਰ) ਦੇ ਬਾਵਜੂਦ ਸੋਨੇ ਤੋਂ ਭਿੰਨ ਕਿਵੇਂ ਹੋ ਸਕਦੇ ਹਨ ? - 308

ਇਸੇ ਤਰ੍ਹਾਂ ਸੂਤਰ ਵਿੱਚ (ਆਗਮ ਵਿੱਚ) ਜੀਵ ਅਤੇ ਅਜੀਵ ਦਰੱਵ ਦੇ ਜਿਨ੍ਹਾਂ ਪਰਿਨਾਮਾਂ (ਭਾਵਾਂ) ਦਾ ਵਰਣਨ ਹੈ ਉਨ੍ਹਾਂ ਪਰਿਨਾਮਾਂ ਨੂੰ ਜੀਵ ਅਤੇ ਅਜੀਵ ਦਰੱਵ ਤੋਂ ਭਿੰਨ ਨਹੀਂ ਸਮਝਣਾ ਚਾਹੀਦਾ। ਦਰੱਵ ਅਤੇ ਦਰੱਵ ਦੇ ਪਰਿਨਾਮ ਇੱਕ ਹੀ ਹਨ। ਉਨ੍ਹਾਂ ਵਿੱਚ ਭੇਦ ਅਤੇ ਭਿੰਨਤਾ ਨਹੀਂ ਹੈ। - 309

ਆਤਮਾ ਕਿਸੇ ਤੋਂ ਪੈਦਾ ਨਹੀਂ ਹੋਈ ਹੈ। ਇਸ ਲਈ ਉਹ ਕਿਸੇ ਦਾ ਕੰਮ ਨਹੀਂ ਹੈ। ਆਤਮਾ ਕਿਸੇ ਨੂੰ ਪੈਦਾ ਵੀ ਨਹੀਂ ਕਰਦੀ। ਇਸ ਲਈ ਉਹ ਕਿਸੇ ਦੀ ਉਤਪਤੀ ਦਾ ਕਾਰਨ ਵੀ ਨਹੀਂ ਹੈ। - 310

ਕਰਮ ਦਾ ਆਸਰਾ ਲੈ ਕੇ ਉਸ ਦੇ ਨਿਮਿਤ ਤੋਂ ਕਰਤਾ ਉਤਪੰਨ ਹੁੰਦਾ ਹੈ ਅਤੇ ਕਰਤਾ ਦਾ ਆਸਰਾ ਲੈ ਕੇ ਕਰਮ ਉਤਪੰਨ ਹੁੰਦਾ ਹੈ। ਇਹੋ ਨਿਯਮ ਹੈ। ਹੋਰ ਕਿਸੇ ਤਰ੍ਹਾਂ ਵੀ ਕਰਤਾ ਕਰਮ ਦੀ ਸਿੱਧ ਤੱਕ ਨਹੀਂ ਪਹੁੰਚਿਆ ਜਾ ਸਕਦਾ। - 311

ਚੇਤਨ ਆਤਮਾ ਗਿਆਨਾਵਰਨ ਆਦਿ ਕਰਮ ਪ੍ਰਕ੍ਰਿਤੀ ਦੇ ਨਿਮਿਤ ਤੋਂ ਉਤਪੰਨ ਅਤੇ ਨਸ਼ਟ ਹੁੰਦੀ ਹੈ। ਇਸੇ ਤਰ੍ਹਾਂ ਕਰਮਪ੍ਰਕ੍ਰਿਤੀ ਵੀ ਆਤਮਾ ਦੇ ਪਰਿਨਾਮਾਂ ਦੇ ਨਿਮਿਤ ਤੋਂ ਉਤਪੰਨ ਅਤੇ ਨਸ਼ਟ ਹੁੰਦੀ ਹੈ। - 312

ਇਸ ਪ੍ਰਕਾਰ ਆਤਮਾ ਅਤੇ ਕਰਮਪ੍ਰਕ੍ਰਿਤੀ ਦੇ ਆਪਸੀ ਨਿਮਿਤ ਨਾਲ ਬੰਧ ਹੋ ਕੇ ਸੰਸਾਰ ਦੀ ਉਤਪਤੀ ਹੁੰਦੀ ਹੈ। - 313

ਜਦ ਤੱਕ ਆਤਮਾ ਕਰਮ ਪ੍ਰਕ੍ਰਿਤੀ ਦੇ ਨਿਮਿਤ ਤੋਂ ਉਤਪੰਨ ਹੋਣਾ ਅਤੇ ਨਸ਼ਟ ਹੋਣਾ ਨਹੀਂ ਛੱਡਦੀ ਤਦ ਤੱਕ ਉਹ ਅਗਿਆਨੀ, ਮਿੱਥਿਆਦ੍ਰਿਸ਼ਟੀ ਅਤੇ ਅਸੰਯਮੀ ਬਣੀ ਰਹਿੰਦੀ ਹੈ। - 314

ਅਤੇ ਜਦ ਉਹ ਆਤਮਾ ਅਨੰਤ ਕਰਮਫਲ ਨੂੰ ਛੱਡ ਦਿੰਦੀ ਹੈ, ਉਸ ਨੂੰ ਭੋਗਦੀ ਨਹੀਂ ਤਦ ਬੰਧਨ ਰਹਿਤ ਹੋ ਕੇ ਗਿਆਤਾ, ਦ੍ਰਿਸ਼ਟਾ ਅਤੇ ਸੰਯਮੀ (ਮੁਨੀ) ਹੋ ਜਾਦੀ ਹੈ। - 315

ਅਗਿਆਨੀ ਆਤਮਾ ਕਰਮਪ੍ਰਕ੍ਰਿਤੀ (ਕਰਮਸੁਭਾਅ) ਵਿੱਚ ਲੀਨ ਹੁੰਦੀ ਹੋਈ ਉਸ ਦੇ ਫਲ ਨੂੰ ਭੋਗਦੀ ਹੈ। ਇਸ ਦੇ ਉਲਅ ਗਿਆਨੀ ਆਤਮਾ ਉਦੈ ਵਿੱਚ ਆਏ ਹੋਏ ਕਰਮਫਲ ਨੂੰ ਸਿਰਫ਼ ਜਾਣਦੀ ਹੈ, ਭੋਗਦੀ ਨਹੀਂ। - 316

ਜਿਵੇਂ ਗੁੜ ਮਿਲਿਆ ਦੁੱਧ ਪੀਂਦਾ ਹੋਇਆ ਸੱਪ ਵੀ ਆਪਣੇ ਵਿਸ਼ ਦਾ ਪਰਿਤਿਆਗ ਨਹੀਂ ਕਰਦਾ ਉਸੇ ਤਰ੍ਹਾਂ ਹੀ ਅਭਵਯ (ਅਗਿਆਨੀ) ਆਤਮਾ ਸ਼ਾਸਤਰਾਂ ਨੂੰ ਭਲੀ ਪ੍ਰਕਾਰ ਪੜ੍ਹ ਕੇ ਵੀ ਕਰਮ ਉਦੈ ਦਾ ਸੁਭਾਅ ਨਹੀਂ ਛੱਡਦੀ। - 317

ਵੈਰਾਗ ਵਿੱਚ ਪਹੁੰਚੀ ਹੋਈ ਆਤਮਾ ਇਹ ਤਾਂ ਜਾਣਦੀ ਹੈ ਕਿ ਕਰਮ ਦਾ ਫਲ ਮਿੱਠਾ, ਕੌੜਾ ਆਦਿ ਕਈ ਪ੍ਰਕਾਰ ਦਾ ਹੁੰਦਾ ਹੈ, ਪਰੰਤੂ ਉਹ ਉਸ ਦੀ ਭੋਗਣ ਵਾਲੀ ਨਹੀਂ ਹੁੰਦੀ। - 318

ਗਿਆਨੀ ਆਤਮਾ ਭਿੰਨ-ਭਿੰਨ ਕਰਮਾਂ ਨੂੰ ਨਾ ਤਾਂ ਕਰਦੀ ਹੈ ਅਤੇ ਨਾ ਭੋਗਦੀ ਹੈ। ਉਹ ਕਰਮ ਦੇ ਬੰਧ ਅਤੇ ਕਰਮ ਦੇ ਪੁੰਨ ਪਾਪ ਫਲ ਨੂੰ ਸਿਰਫ਼ ਜਾਣਦੀ ਹੈ। - 319

ਜਿਵੇਂ ਸਾਡੀ ਦ੍ਰਿਸ਼ਟੀ ਦ੍ਰਿਸ਼ ਨੂੰ ਸਿਰਫ਼ ਵੇਖਦੀ ਹੈ, ਉਸ ਦੀ ਕਰਤਾ, ਭੋਗਣ ਵਾਲੀ ਨਹੀਂ ਹੁੰਦੀ ਉਸੇ ਤਰ੍ਹਾਂ ਹੀ ਗਿਆਨੀ ਆਤਮਾ

ਵੀ ਕਰਮਬੰਧ, ਮੋਕਸ਼, ਕਰਮ ਉਦੈ, ਅਤੇ ਨਿਰਜਰਾ ਨੂੰ ਸਿਰਫ਼ ਜਾਣਦੀ ਹੈ, ਉਨ੍ਹਾਂ ਦੀ ਕਰਤਾ, ਭੋਗਣ ਵਾਲੀ ਨਹੀਂ ਹੁੰਦੀ। - 320

ਲੋਕ ਦਾ ਮੱਤ ਹੈ ਕਿ ਵਿਧਾਤਾ ਕਿਸੇ ਨੂੰ ਦੇਵ, ਕਿਸੇ ਨੂੰ ਨਾਰਕ, ਕਿਸੇ ਨੂੰ ਤਿਰਯੱਚ (ਪਸ਼ੂ) ਅਤੇ ਕਿਸੇ ਨੂੰ ਮਨੁੱਖ ਬਣਾਉਂਦੇ ਹਨ। ਇਸੇ ਤਰ੍ਹਾਂ ਜੇਕਰ ਸ਼੍ਰਮਣਾ ਦਾ ਵੀ ਮੱਤ ਹੋਵੇ ਕਿ ਛੇ ਕਾਇਆ ਜੀਵਾਂ ਨੂੰ ਆਤਮਾ ਬਣਾਉਂਦੀ ਹੈ, ਤਾਂ ਇਹ ਤਾਂ ਲੋਕ ਅਤੇ ਸ਼੍ਰਮਣਾਂ ਦਾ ਇੱਕ ਹੀ ਮੱਤ ਹੋਇਆ। ਦੋਵੇਂ ਮੱਤਾਂ ਵਿੱਚ ਕੋਈ ਅੰਤਰ ਹੀ ਨਹੀਂ ਰਿਹਾ, ਕਿਉਂਕਿ ਲੋਕ ਦੇ ਮੱਤ ਵਿੱਚ ਜੋ ਕੰਮ ਵਿਧਾਤਾ ਕਰਦੇ ਹਨ, ਸ਼੍ਰਮਣਾਂ ਦੇ ਮੱਤ ਵਿੱਚ ਉਹੀ ਕੰਮ ਆਤਮਾ ਕਰਦੀ ਹੈ। ਅਜਿਹੇ ਵਿੱਚ ਕਹਿਣਾ ਪੈਂਦਾ ਹੈ ਕਿ ਲੋਕ ਅਤੇ ਸ਼੍ਰਮਣ ਇਨ੍ਹਾਂ ਦੋਹਾਂ ਨੂੰ ਹੀ ਮੋਕਸ਼ ਨਹੀਂ ਦਿਖਾਈ ਦਿੰਦਾ, ਕਿਉਂਕਿ ਜਦੋਂ ਇਹ ਦੋਵੇਂ ਦੇਵ, ਮਨੁੱਖ ਅਤੇ ਅਸੁਰਾਂ ਵਾਲੇ ਲੋਕਾਂ ਨੂੰ ਹਰ ਰੋਜ਼ ਬਣਾ ਰਹੇ ਹਨ ਤਾਂ ਉਨ੍ਹਾਂ ਦੇ ਲਈ ਮੋਕਸ਼ ਕਿੱਥੇ ਅਤੇ ਕਿਵੇਂ ? - 321, 322, 323

ਜੋ ਵਿਅਕਤੀ ਦਰੱਵ ਦੇ ਸਰੁਪ ਨੂੰ ਨਹੀਂ ਜਾਣਦੇ ਉਹ ਵਿਵਹਾਰ ਦੀ ਭਾਸ਼ਾ ਵਿੱਚ ਪਰ ਦਰੱਵ ਨੂੰ ਆਪਣਾ ਕਹਿੰਦੇ ਹਨ। ਇਸ ਦੇ ਉਲਟ ਜੋ ਮਨੁੱਖ ਨਿਸ਼ਚੈ ਨਯ ਤੋਂ ਦਰੱਵ ਦਾ ਸਰੁਪ ਜਾਣਦੇ ਹਨ ਉਹ ਪਰਮਾਣੂ ਮਾਤਰ ਨੂੰ ਵੀ ਆਪਣਾ ਨਹੀਂ ਕਹਿੰਦੇ। - 324

ਲੋਕ ਮੋਹ ਵੱਸ ਹੋ ਕੇ ਕਹਿੰਦੇ ਹਨ ਕਿ ਇਹ ਪਿੰਡ, ਨਗਰ, ਦੇਸ਼ ਉਨ੍ਹਾਂ ਦਾ ਹੈ। ਉਨ੍ਹਾਂ ਦੇ ਅਜਿਹਾ ਕਹਿਣ ਨਾਲ ਪਿੰਡ, ਨਗਰ ਜਾਂ ਦੇਸ਼ ਉਨ੍ਹਾਂ ਦਾ ਨਹੀਂ ਹੋ ਜਾਂਦਾ। - 325

ਇਸੇ ਤਰ੍ਹਾਂ ਗਿਆਨੀ ਪਰ ਦਰੱਵਾਂ ਨੂੰ ਪਰ ਦਰੱਵ ਜਾਣਦਾ ਹੋਇਆ ਵੀ ਖੁਦ ਨੂੰ ਪਰ ਦਰੱਵਵਾਨ ਬਣਾਉਂਦਾ ਹੈ ਉਹ ਬਿਨਾਂ ਸ਼ੱਕ ਮਿੱਥਿਆਦ੍ਰਿਸ਼ਟੀ ਹੈ। - 326

ਇਹ ਜਾਣਦੇ ਹੋਏ ਕਿ ਪਰਦਰੱਵ ਮੇਰਾ ਨਹੀਂ ਹੈ, ਗਿਆਨੀ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਪਰਦਰੱਵ ਵਿੱਚ ਉਕਤ ਸੰਸਾਰਿਕ ਲੋਕਾਂ ਅਤੇ ਸ਼੍ਰਮਣਾਂ ਦੀ ਕਰਤਾਪਣ ਦੀ ਮਾਨਤਾ ਨੂੰ ਸੱਮਿਅਕਦ੍ਰਿਸ਼ਟੀ ਤੋਂ ਰਹਿਤ ਮਨੁੱਖਾਂ ਦੀ ਮਾਨਤਾ ਸਮਝੇ। - 327

ਜੇ ਇਹ ਮੰਨਿਆ ਜਾਵੇ ਕਿ ਮਿੱਥਿਆਤਵ ਨਾਮਕ ਮੋਹਕਰਮ ਦੀ ਪ੍ਰਾਕ੍ਰਿਤੀ ਆਤਮਾ ਨੂੰ ਮਿੱਥਿਆਦ੍ਰਿਸ਼ਟੀ ਬਣਾਉਂਦੀ ਹੈ, ਤਦ ਪ੍ਰਸ਼ਨ ਉੱਠਦਾ ਹੈ ਕਿ ਮੋਹਕਰਮ ਦੀ ਪ੍ਰਕ੍ਰਿਤੀ ਤੋਂ ਅਚੇਤਨ ਹੈ, ਉਹ ਚੇਤਨ ਆਤਮਾ ਦੇ ਲਈ ਕਰਤਾ ਦੀ ਭੂਮਿਕਾ ਵਿੱਚ ਕਿਵੇਂ ਆ ਸਕਦੀ ਹੈ ? - 328

ਜੇ ਇਹ ਮੰਨਿਆ ਜਾਵੇ ਕਿ ਆਤਮਾ ਵਿੱਚ ਪੁਦਗਲ ਦਰੱਵ ਤੋਂ ਮਿੱਥਿਆਤਵ ਆਉਂਦਾ ਹੈ ਤਾਂ ਫਿਰ ਆਤਮਾ ਨਹੀਂ ਬਲਕਿ ਪੁਦਗਲ ਦਰੱਵ ਹੀ ਮਿੱਥਿਆ ਸਿੱਧ ਹੁੰਦਾ ਹੈ। - 329

ਜੇ ਇਹ ਮੰਨਿਆ ਜਾਵੇ ਕਿ ਆਤਮਾ ਅਤੇ ਪ੍ਰਾਕ੍ਰਿਤੀ ਇਹ ਦੋਵੇਂ ਹੀ ਪੁਦਗਲ ਦਰੱਵ ਦੇ ਮਿੱਥਿਆਤਵ ਦੇ ਕਰਤਾ ਹਨ ਤਦ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਦੋਹਾਂ ਦੇ ਕੀਤੇ ਦਾ ਫਲ ਦੋਵੇਂ ਹੀ ਕਿਉਂ ਨਹੀਂ ਭੋਗਦੇ ? - 330

ਜੇ ਇਹ ਮੰਨਿਆ ਜਾਵੇ ਕਿ ਆਤਮਾ ਅਤੇ ਪ੍ਰਾਕ੍ਰਿਤੀ ਇਹ ਦੋਵੇਂ ਹੀ ਪੁਦਗਲ ਦਰੱਵ ਦੇ ਮਿੱਥਿਆਤਵ ਦੇ ਕਰਤਾ ਨਹੀਂ ਹਨ ਤਦ ਪੁਦਗਲ ਦਰੱਵ ਦਾ ਖੁਦ ਦਾ ਮਿੱਥਿਆਤਵ ਮੰਨਣਾ ਕੀ ਆਪਣੇ ਆਪ ਵਿੱਚ ਮਿੱਥਿਆ ਨਹੀਂ ਹੈ ? - 331

ਅਸਲ ਵਿੱਚ ਆਤਮਾ ਕਰਮਾਂ ਨਾਲ ਹੀ ਅਗਿਆਨੀ ਹੁੰਦੀ ਹੈ। ਕਰਮਾਂ ਨਾਲ ਹੀ ਗਿਆਨੀ ਹੁੰਦੀ ਹੈ। ਕਰਮਾਂ ਨਾਲ ਹੀ ਸੁਲਾਈ ਜਾਂਦੀ ਹੈ ਅਤੇ ਕਰਮਾਂ ਨਾਲ ਹੀ ਜਗਾਈ ਜਾਂਦੀ ਹੈ। - 332

ਆਤਮਾ ਕਰਮਾਂ ਤੋਂ ਹੀ ਸੁਖੀ ਅਤੇ ਕਰਮਾਂ ਤੋਂ ਹੀ ਦੁਖੀ ਹੁੰਦੀ ਹੈ। ਕਰਮਾਂ ਤੋਂ ਹੀ ਮਿੱਥਿਆਤਵ ਨੂੰ ਅਤੇ ਕਰਮਾਂ ਤੋਂ ਹੀ ਅਸੰਯਮ ਨੂੰ ਗਲੇ ਨਾਲ ਲਗਾਉਂਦੀ ਹੈ। - 333

ਆਤਮਾ ਕਰਮਾਂ ਤੋਂ ਹੀ ਉਰਧਵ (ਉੱਪਰ), ਅਧੋ (ਹੇਠਾਂ) ਅਤੇ ਤ੍ਰਿਯੱਗਲੋਕ ਲੋਕ ਵਿੱਚ ਘੁੰਮਦੀ ਹੈ। ਜੀਵਨ ਵਿੱਚ ਜੋ ਕੁਝ ਵੀ ਸ਼ੁਭ, ਅਸ਼ੁਭ ਹੁੰਦਾ ਹੈ ਉਹ ਕਰਮਾਂ ਦਾ ਹੀ ਕੀਤਾ ਹੁੰਦਾ ਹੈ। - 334

ਜੋ ਕੁਝ ਵੀ ਕਰਦਾ ਹੈ ਕਰਮ ਕਰਦਾ ਹੈ, ਜੋ ਵੀ ਦਿੰਦਾ ਹੈ ਕਰਮ ਦਿੰਦਾ ਹੈ, ਜੋ ਵੀ ਖੋਹੰਦਾ ਹੈ ਕਰਮ ਖੋਹੰਦਾ ਹੈ, ਆਤਮਾ ਕੁਝ ਨਹੀਂ ਕਰਦੀ। ਇਸ ਲਈ ਸੰਸਾਰ ਦੀਆਂ ਸਾਰੀਆਂ ਆਤਮਾਵਾਂ (ਜੀਵ) ਆਕਾਰ ਅਤੇ ਅਕਰਤਾ ਸਿੱਧ ਹੁੰਦੀਆਂ ਹਨ। - 335

ਇਹ ਤੱਥ ਅਚਾਰਿਆ ਪ੍ਰੰਪਰਾ ਰਾਹੀਂ ਮੰਨਿਆ ਗਿਆ ਹੈ ਕਿ ਪੁਰਸ਼ ਭਾਵ ਦਾ ਕਰਮ ਇਸਤਰੀ ਦੀ ਇੱਛਾ ਕਰਦਾ ਹੈ ਅਤੇ ਇਸਤਰੀ ਭਾਵ ਦਾ ਕਰਮ ਪੁਰਸ਼ ਦੀ ਇੱਛਾ ਕਰਦਾ ਹੈ। - 336

ਕਿਉਂਕਿ ਅਚਾਰਿਆ ਪ੍ਰੰਪਰਾ ਵਿੱਚ (ਗਾਧਾ 336) ਕਿਹਾ ਗਿਆ ਹੈ ਕਿ ਉਹ ਤਾਂ ਸਿਰਫ਼ ਕਰਮ ਹੀ ਹੈ ਜੋ ਕਰਮ ਦੀ ਇੱਛਾ ਕਰਦਾ ਹੈ, ਇਸ ਲਈ ਤੁਹਾਡੇ ਮੱਤ ਅਨੁਸਾਰ ਤਾਂ ਕੋਈ ਵੀ ਅਬ੍ਰਹਮਚਾਰੀ ਨਹੀਂ ਹੈ। ਅਰਥਾਤ ਸਾਰੀਆਂ ਆਤਮਾਵਾਂ ਬ੍ਰਹਮਚਾਰੀ ਹਨ। - 337

ਦੂਸਰੇ ਨੂੰ ਮਾਰਨਾ ਕਰਮਪ੍ਰਕ੍ਰਿਤੀ ਹੈ ਅਤੇ ਦੂਸਰੇ ਦੇ ਦੁਆਰਾ ਮਾਰਿਆ ਜਾਣਾ ਵੀ ਕਰਮਪ੍ਰਕ੍ਰਿਤੀ ਹੈ। ਇਹ ਘਾਤ ਨਾਮ ਕਰਮਪ੍ਰਕ੍ਰਿਤੀ ਹੈ। ਇਸ ਵਿੱਚ ਉਹ ਕਰਮ ਹੀ ਹੈ ਜੋ ਘਾਤ ਕਰ ਰਿਹਾ ਹੈ ਅਤੇ ਉਹ ਵੀ ਕਰਮ ਹੈ ਜਿਸ ਦਾ ਘਾਤ ਹੋ ਰਿਹਾ ਹੈ।

ਜੇਕਰ ਅਜਿਹਾ ਹੈ, ਤਦ ਮੁਹਾਡੇ ਮੱਤ ਅਨੁਸਾਰ ਤਾਂ ਕੋਈ ਵੀ ਆਤਮਾ ਘਾਤ ਕਰਨ ਵਾਲੀ ਨਹੀਂ ਹੈ। - 338, 339

ਇਸ ਪ੍ਰਕਾਰ ਜੋ ਵੀ ਸ੍ਰਮਣ ਸਾਂਖਯ ਮੱਤ ਦੇ ਅਨੁਸਾਰ ਉਪਦੇਸ਼ ਦੇਣ ਲੱਗੇ ਹਨ ਉਹ ਪ੍ਰਕ੍ਰਿਤੀ ਨੂੰ ਹੀ ਸਭ ਕੁਝ ਕਰਨ ਵਾਲਾ ਮੰਨਦੇ ਹਨ ਅਤੇ ਉਨ੍ਹਾਂ ਦੀ ਮੰਨੀਏ ਤਾਂ ਸਾਰੀਆਂ ਆਤਮਾਵਾਂ ਅਕਾਰਕ (ਅਕਰਤਾ) ਸਿੱਧ ਹੁੰਦੀਆਂ ਹਨ। - 340

ਜੇਕਰ ਤੁਸੀਂ ਇਹ ਮੰਨਦੇ ਹੋ ਕਿ ਤੁਹਾਡੀ ਆਤਮਾ ਖੁਦ ਹੀ ਖੁਦ ਨੂੰ ਬਦਲਦੀ ਰਹਿੰਦੀ ਹੈ ਤਾਂ ਤੁਹਾਡਾ ਇਹ ਮੰਨਣਾ ਵੀ ਮਿੱਥਿਆ ਹੈ। - 341

ਸ਼ਾਸਤਰਾਂ ਵਿੱਚ ਤਾਂ ਆਤਮਾ ਨੂੰ ਨਿੱਤ ਅਤੇ ਅਸੰਖਿਆਤ ਪ੍ਰਦੇਸ਼ੀ ਦੱਸਿਆ ਗਿਆ ਹੈ। ਇਸ ਲਈ ਖੁਦ ਨੂੰ ਉਸ ਤੋਂ ਘੱਟ ਜਾਂ ਜ਼ਿਆਦਾ ਨਹੀਂ ਕਰ ਸਕਦੀ। - 342

ਵਿਸਥਾਰ ਦੀ ਦ੍ਰਿਸ਼ਟੀ ਤੋਂ ਵੀ ਆਤਮਾ ਦਾ ਆਪਣਾ ਸਰੂਪ ਪੂਰਾ ਲੋਕ (ਲੋਕਾਕਾਸ਼) ਹੈ। ਤਦ ਉਹ ਖੁਦ ਨੂੰ ਕਦੇ ਉਸ ਤੋਂ ਘੱਟ ਜਾਂ ਜ਼ਿਆਦਾ ਕਿਵੇਂ ਕਰ ਸਕਦੀ ਹੈ। - 343

ਫਿਰ ਅਜਿਹਾ ਹੈ ਕਿ ਆਤਮਾ ਨੂੰ ਗਾਯਕ ਭਾਵ (ਗਿਆਨ ਸੁਭਾਅ) ਹੈ। ਇਹ ਗਿਆਨ ਸੁਭਾਅ ਵਿੱਚ ਹੀ ਸਥਿਤ ਹੈ। ਇਸ ਲਈ ਇਹ ਗੱਲ ਸਿਰੇ ਨਹੀਂ ਚੜ੍ਹਦੀ ਕਿ ਉਹ ਖੁਦ ਹੀ ਖੁਦ ਨੂੰ ਬਦਲਦੀ ਹੈ। - 344

ਪਰਿਆਏ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਆਤਮਾ ਨਟਸ਼ ਹੋਣ ਵਾਲੀ ਹੈ। ਪਰੰਤੂ ਕਿਸੇ ਹੋਰ ਦ੍ਰਿਸ਼ਟੀ ਤੋਂ (ਦਰੱਵਾਰਥਿਕ ਦ੍ਰਿਸ਼ਟੀ ਤੋਂ) ਵੇਖੀਏ ਤਾਂ ਨਸ਼ਟ ਹੋਣ ਵਾਲੀ ਨਹੀਂ ਹੈ। ਇਸ ਲਈ ਉਹੀ ਆਤਮਾ ਕਰਤਾ ਹੈ ਜਾਂ ਹੋਰ ਕੋਈ ਕਰਤਾ ਹੈ, ਅਜਿਹਾ ਏਕਾਂਤ ਫ਼ੈਸਲਾ ਨਹੀਂ ਕੀਤਾ ਜਾ ਸਕਦਾ। - 345

ਭਿੰਨ-ਭਿੰਨ ਪਰਿਆਇਆਂ ਵਿੱਚ ਆਤਮਾ ਨਸ਼ਟ ਹੁੰਦੀ ਹੈ। ਪਰ ਨਸ਼ਟ ਹੁੰਦੇ ਰਹਿਣ ਦੇ ਬਾਵਜੂਦ ਉਸ ਦਾ ਵਜੂਦ ਬਣਿਆ ਰਹਿੰਦਾ ਹੈ। ਉਹ ਨਸ਼ਟ ਹੁੰਦੇ ਹੋਏ ਵੀ ਨਸ਼ਟ ਨਹੀਂ ਹੁੰਦੀ। ਇਸ ਲਈ ਉਹੀ ਆਤਮਾ ਭੋਗਣ ਵਾਲੀ ਹੈ ਜਾਂ ਕੋਈ ਹੋਰ ਆਤਮਾ ਭੋਗਣ ਵਾਲੀ ਹੈ, ਅਜਿਹਾ ਏਕਾਂਤ ਫ਼ੈਸਲਾ ਨਹੀਂ ਦਿੱਤਾ ਜਾ ਸਕਦਾ। - 346

ਜੋ ਮਨੁੱਖ ਇਹ ਸੋਚਦਾ ਹੈ ਕਿ ਜੋ ਕਰਤਾ ਹੈ ਉਹ ਭਰਦਾ (ਭੋਗਦਾ) ਹੈ ਨਹੀਂ ਇਹ ਮਿੱਥਿਆਦ੍ਰਿਸ਼ਟੀ ਹੈ। ਉਹ ਅਰਿਹੰਤਾਂ ਦੇ ਮਤ ਦਾ ਅਨੁਯਾਯੀ (ਉਪਾਸਕ) ਨਹੀਂ ਹੈ। - 347

ਜੋ ਮਨੁੱਖ ਇਹ ਸੋਚਦਾ ਹੈ ਕਿ 'ਕਰਦਾ ਕੋਈ ਹੋਰ ਅਤੇ ਭਰਦਾ (ਭੋਗਦਾ) ਕੋਈ ਹੋਰ ਹੈ' ਇਹ ਵੀ ਮਿੱਥਿਆਦ੍ਰਿਸ਼ਟੀ ਹੈ। ਉਹ ਵੀ ਅਰਿਹੰਤਾਂ ਦੇ ਮੱਤ ਦਾ ਅਨੁਯਾਯੀ (ਉਪਾਸਕ) ਨਹੀਂ ਹੈ। - 348

ਜਿਵੇਂ ਕੋਈ ਸ਼ਿਲਪੀ ਸ਼ਿਲਪ ਦੀ ਰਚਨਾ ਕਰਦਾ ਹੈ ਪਰੰਤੂ ਉਹ ਖੁਦ ਸ਼ਿਲਪ ਰੂਪ (Identified with it) ਨਹੀਂ ਹੋ ਜਾਂਦਾ, ਉਸੇ ਤਰ੍ਹਾਂ ਆਤਮਾ ਕਰਮ ਤਾਂ ਕਰਦੀ ਹੈ ਪਰ ਉਸ ਨਾਲ ਜੁੜਦੀ ਨਹੀਂ। ਉਹ ਖ਼ੁਦ ਖੁਦ ਕਰਮ ਰੂਪ ਨਹੀਂ ਹੁੰਦੀ। - 349

ਜਿਵੇਂ ਕੋਈ ਸ਼ਿਲਪਕਾਰ (ਕਾਰੀਗਰ) ਆਪਣੇ ਔਜਾਰਾਂ ਨਾਲ ਕੰਮ ਤਾਂ ਕਰਦਾ ਹੈ ਪਰ ਉਨ੍ਹਾਂ ਵਿੱਚ ਨਹੀਂ ਰਚਦਾ, ਉਸੇ ਤਰ੍ਹਾਂ ਹੀ ਆਤਮਾ ਮਨ, ਵਚਨ, ਕਾਇਆ ਆਦਿ ਸਾਧਨਾਂ ਤੋਂ ਕਰਮ ਤਾਂ ਕਰਦੀ ਹੈ ਪਰ ਉਸ ਵਿੱਚ ਰਚਦੀ ਨਹੀਂ। ਉਹ ਖੁਦ ਸਾਧਨ ਨਹੀਂ ਬਣਦੀ। - 350

ਜਿਵੇਂ ਕੋਈ ਕਾਰੀਗਰ ਔਜਾਰਾਂ ਨੂੰ ਗ੍ਰਹਿਣ ਤਾਂ ਕਰਦਾ ਹੈ ਪਰ ਉਨ੍ਹਾਂ ਵਿੱਚ ਲੀਨ ਨਹੀਂ ਹੁੰਦਾ। ਉਸੇ ਤਰ੍ਹਾਂ ਇਹ ਆਤਮਾ ਵੀ

ਮਨ, ਵਚਨ, ਕਾਇਆ ਰੂਪ ਸਾਧਨਾਂ ਨੂੰ ਗ੍ਰਹਿਣ ਤਾਂ ਕਰਦੀ ਹੈ ਪਰ ਇਸ ਵਿੱਚ ਲੀਨ ਨਹੀਂ ਹੁੰਦੀ। – 351

ਜਿਵੇਂ ਕੋਈ ਕਾਰੀਗਰ ਆਪਦੇ ਕਰਮਾਂ ਦੇ ਫਲ (ਗਹਿਣਿਆਂ ਦਾ ਮੁੱਲ ਆਦਿ) ਨੂੰ ਤਾਂ ਭੋਗਦਾ ਹੈ ਪਰ ਉਸ ਵਿੱਚ ਲੀਨ ਨਹੀਂ ਹੁੰਦਾ। ਉਸੇ ਤਰ੍ਹਾਂ ਹੀ ਆਤਮਾ ਕਰਮ ਦੇ ਫਲ (ਸੁੱਖ, ਦੁੱਖ ਆਦਿ) ਨੂੰ ਭੋਗਦੀ ਹੈ ਪਰ ਉਸ ਵਿੱਚ ਲੀਨ ਨਹੀਂ ਹੁੰਦੀ। ਉਹ ਖੁਦ ਫਲ ਰੂਪ ਨਹੀਂ ਬਣਦੀ। – 352

ਇਸ ਤਰ੍ਹਾਂ ਦਾ ਉਪਰੋਕਤ ਮੱਤ ਵਿਵਹਾਰ ਨਯ ਦਾ ਹੈ। ਪਰ ਸੰਖੇਪ ਵਿੱਚ ਵਰਣਨ ਕੀਤਾ ਗਿਆ ਹੈ। ਹੁਣ ਨਿਸ਼ਚੈ ਨਯ ਦੇ ਮੱਤ ਨੂੰ, ਜੋ ਪਰਿਨਾਮਾਂ ਯਾਨਿ ਆਤਮਾ ਦੇ ਭਾਵਾਂ 'ਤੇ ਨਿਰਭਰ ਹੁੰਦਾ ਹੈ, ਨੂੰ ਸੁਣੋ। – 353

# ਨਿਸ਼ਚੈ ਨਯ ਦਾ ਕਥਨ

ਜਿਵੇਂ ਸ਼ਿਲਪ ਰਚਨਾ ਦਾ ਕਰਮ ਕਰਦਾ ਹੋਇਆ ਕੋਈ ਕਾਰੀਗਰ ਆਪਣੇ ਭਾਵਾਂ ਤੋਂ ਅਲੱਗ ਨਹੀਂ ਹੁੰਦਾ, ਉਸੇ ਤਰ੍ਹਾਂ ਹੀ ਆਮਾ ਵੀ ਆਪਣੇ ਭਾਵਾਂ ਤੋਂ ਵੱਖ ਨਹੀਂ ਹੁੰਦੀ। ਉਹ ਆਪਣੇ ਭਾਵਕਰਮਾਂ ਦੇ ਨਾਲ ਜੁੜ ਜਾਂਦੀ ਹੈ। – 354

ਜਿਵੇਂ ਸ਼ਿਲਪ ਰਚਨਾ ਕਰਦਾ ਹੋਇਆ ਕਾਰੀਗਰ ਪ੍ਰੇਸ਼ਾਨ ਹੁੰਦਾ ਰਹਿੰਦਾ ਹੈ ਅਤੇ ਉਹ ਉਸ ਪ੍ਰੇਸ਼ਾਨੀ ਤੋਂ ਅਲੱਗ ਨਹੀਂ ਰਹਿ ਸਕਦਾ, ਉਸ ਨਾਲ ਜੁੜ ਜਾਂਦਾ ਹੈ, ਉਸੇ ਤਰ੍ਹਾਂ ਹੀ ਕਰਮਾਂ ਵਿੱਚ ਲੱਗੀ ਆਤਮਾ ਵੀ ਪ੍ਰੇਸ਼ਾਨੀ ਤੋਂ ਅਭਿੰਨ ਅਤੇ ਇੱਕ ਰੂਪ ਹੋਈ ਹੁੰਦੀ ਹੈ। – 355

ਜਿਵੇਂ ਚਾਕ ਕਿਸੇ ਹੋਰ ਦਾ ਨਹੀਂ ਹੈ। ਚਾਕ ਤਾਂ ਚਾਕ ਦਾ ਹੀ ਹੈ। ਬਲੈਕ ਬੋਰਡ ’ਤੇ ਲਿਖਣ ਦੇ ਬਾਵਜੂਦ ਉਹ ਦੀਵਾਰ, ਬਲੈਕ ਬੋਰਡ ਆਦਿ ਦਾ ਨਹੀਂ ਹੋ ਜਾਂਦਾ, ਉਸੇ ਤਰ੍ਹਾਂ ਹੀ ਗਾਯਕ ਆਤਮਾ ਕਿਸੇ ਹੋਰ ਦੀ ਨਹੀਂ, ਕਿਸੇ ਹੋਰ ਦੇ ਹਵਾਲੇ ਤੋਂ ਨਹੀਂ ਬਲਕਿ ਆਪਣੇ ਆਪ ਵਿੱਚ ਹੀ ਗਾਯਕ ਆਤਮਾ ਹੈ। – 356

ਜਿਵੇਂ ਚਾਕ ਕਿਸੇ ਹੋਰ ਦਾ ਨਹੀਂ, ਚਾਕ ਤਾਂ ਚਾਕ ਦਾ ਹੀ ਹੈ, ਉਸੇ ਤਰ੍ਹਾਂ ਹੀ ਦ੍ਰਿਸ਼ਟਾ ਆਤਮਾ ਕਿਸੇ ਹੋਰ ਦੀ ਨਹੀਂ, ਕਿਸੇ ਹੋਰ ਦੇ ਹਵਾਲੇ ਅਤੇ ਪੱਖ ਦੀ ਨਹੀਂ ਸਗੋਂ ਦ੍ਰਿਸ਼ਟਾ ਆਤਮਾ ਦੀ ਹੀ ਹੈ। ਭਾਵ ਵੇਖਣ ਵਾਲੀ ਆਤਮਾ ਸਹਿਜ ਹੀ ਵੇਖਣ ਵਾਲੀ ਆਤਮਾ ਹੈ। – 357

ਜਿਵੇਂ ਚਾਕ ਕਿਸੇ ਹੋਰ ਦਾ ਨਹੀਂ, ਚਾਕ ਤਾਂ ਚਾਕ ਦਾ ਹੀ ਹੈ, ਉਸੇ ਤਰ੍ਹਾਂ ਹੀ ਸੰਜਮੀ ਆਤਮਾ ਕਿਸੇ ਹੋਰ ਦੀ ਨਹੀਂ ਉਹ ਆਪਣੇ ਆਪ ਵਿੱਚ ਹੀ ਸੰਜਮੀ ਆਤਮਾ ਹੈ। – 358

ਜਿਵੇਂ ਚਾਕ ਕਿਸੇ ਹੋਰ ਦਾ ਨਹੀਂ, ਦੀਵਾਰ ਜਾਂ ਬਲੈਕ ਬੋਰਡ 'ਤੇ ਲਿਖਣ ਨਾਲ ਉਹ ਚਾਕ ਨਹੀਂ ਹੈ ਬਲਕਿ ਉਹ ਤਾਂ ਚਾਕ ਹਣ ਤੇ ਹੀ ਚਾਕ ਹੈ, ਉਸੇ ਤਰ੍ਹਾਂ ਸ਼ਰਧਾ ਕਿਸੇ ਹੋਰ ਦੀ ਨਹੀਂ ਹੈ, ਕਿਸੇ ਹੋਰ ਦੇ ਹਵਾਲੇ ਤੋਂ ਨਹੀਂ ਸਗੋਂ ਆਪਣੇ ਆਪ ਵਿੱਚ ਹੀ ਸ਼ਰਧਾ ਹੈ। - 359

ਗਿਆਨ, ਦਰਸ਼ਨ ਅਤੇ ਚਰਿੱਤਰ ਦੇ ਵਿਸ਼ੇ ਵਿੱਚ ਉਪਰੋਕਤ ਪ੍ਰਕਾਰ ਦਾ ਇਹ ਵਰਣਨ ਨਿਸ਼ਚੈ ਨਯ ਦੀ ਦ੍ਰਿਸ਼ਟੀ ਨਾਲ ਕੀਤਾ ਗਿਆ ਹੈ। ਹੁਣ ਇਸੇ ਵਿਸ਼ੇ ਵਿੱਚ ਸੰਖੇਪ ਵਿੱਚ ਵਿਵਹਾਰ ਨਯ ਦੇ ਕਥਨ ਨੂੰ ਵੀ ਸੁਣੋ। - 360

## ਵਿਵਹਾਰ ਨਯ ਦਾ ਕਥਨ

ਜਿਵੇਂ ਚਾਕ ਆਪਣੇ ਸੁਭਾਅ ਤੋਂ ਹੀ, ਆਪਣੇ ਸਫੇਦੀ ਤੋਂ ਹੀ ਪਰਦਰੱਵ (ਜਿਵੇਂ ਕੰਧ ਆਦਿ) ਨੂੰ ਸਫੇਦ ਕਰਦਾ ਹੈ, ਉਸੇ ਤਰ੍ਹਾਂ ਹੀ ਗਿਆ ਗਿਆਤਾ ਆਤਮਾ ਆਪਣੇ ਸੁਭਾਅ ਤੋਂ ਹੀ ਪਰ ਦਰੱਵ ਨੂੰ ਜਾਣਦੀ ਹੈ। - 361

ਜਿਵੇ ਚਾਕ ਆਪਣੇ ਸੁਭਾ ਤੋਂ ਪਰ ਦਰੱਵ ਨੂੰ ਸਫੇਦ ਕਰਦਾ ਹੈ, ਉਸੇ ਤਰ੍ਹਾਂ ਹੀ ਦ੍ਰਿਸ਼ਟਾ ਆਤਮਾ ਆਪਣੇ ਸੁਭਾਅ ਤੋਂ ਹੀ ਪਰ ਦਰੱਵ ਨੂੰ ਵੇਖਦੀ ਹੈ। - 362

ਜਿਵੇਂ ਚਾਕ ਆਪਦੇ ਸੁਭਾਅ ਤੋਂ ਹੀ ਪਰ ਦਰੱਵ ਨੂੰ ਸਫੇਦ ਕਰਦਾ ਹੈ, ਉਸੇ ਤਰ੍ਹਾਂ ਹੀ ਗਿਆਨੀ ਆਤਮਾ ਆਪਣੇ ਸੁਭਾਅ ਤੋਂ ਹੀ ਪਰ ਦਰੱਵ ਦਾ ਪਰਿਤਿਆਗ ਕਰਦੀ ਹੈ। - 363

ਜਿਵੇਂ ਚਾਕ ਆਪਣੇ ਸੁਭਾਅ ਤੋਂ ਹੀ ਪਰ ਦਰੱਵ ਨੂੰ ਸਫੇਦ ਕਰਦਾ ਹੈ ਉਸੇ ਹੀ ਤਰ੍ਹਾਂ ਸੱਮਿਅਕ ਦ੍ਰਿਸ਼ਟੀ ਆਤਮਾ ਆਪਣੇ ਸੁਭਾਅ ਤੋਂ ਹੀ ਪਰ ਦਰੱਵ ਦੀ ਸ਼ਰਧਾ ਕਰਦੀ ਹੈ। - 364

ਇਸੇ ਪ੍ਰਕਾਰ ਗਿਆਨ, ਦਰਸ਼ਨ ਅਤੇ ਚਾਰਿੱਤਰ ਦੇ ਵਿਸ਼ੇ ਵਿੱਚ ਮੈਂ ਵਿਵਹਾਰ ਨਯ ਦਾ ਮੱਤ ਪੇਸ਼ ਕੀਤਾ ਹੈ ਹੋਰ ਪਰਿਆਏ ਦੇ ਵਿਸ਼ੇ ਵਿੱਚ ਵੀ ਅਜਿਹਾ ਹੀ ਸਮਝਣਾ ਚਾਹੀਦਾ ਹੈ। - 365

ਅਚੇਤਨ ਪਦਾਰਥਾਂ ਵਿੱਚ ਦਰਸ਼ਨ, ਗਿਆਨ, ਚਾਰਿੱਤਰ ਨਹੀਂ ਹੋਣ ਨਾਲ ਅਚੇਤਨ ਪਦਾਰਥ ਦੇ ਕੋਲ ਗੁਆਉਣ ਲਈ ਕੁਝ ਨਹੀਂ ਹੁੰਦਾ। ਆਤਮਾ ਉੱਥੇ ਕੀ ਗਵਾਏਗੀ ? ਕੀ ਨਸ਼ਟ ਕਰੇਗੀ ? 366

ਅਚੇਤਨ ਕਰਮਾਂ ਵਿੱਚ ਵੀ ਦਰਸ਼ਨ, ਗਿਆਨ, ਚਾਰਿੱਤਰ ਨਹੀਂ ਹੋਣ ਨਾਲ ਅਚੇਤਨ ਕਰਮਾਂ ਦੇ ਕੋਲ ਗੁਆਉਣ ਲਈ ਕੁਝ ਨਹੀਂ ਹੁੰਦਾ। ਆਤਮਾ ਉੱਥੇ ਵੀ ਕੁਝ ਨਹੀਂ ਗਵਾਉਂਦੀ। - 367

ਜੜ ਦੇਹ ਵਿੱਚ ਵੀ ਦਰਸ਼ਨ, ਗਿਆਨ, ਚਾਰਿੱਤਰ ਨਹੀਂ ਹੋਣ ਨਾਲ ਜੜ ਦੇਹ ਦੇ ਕੋਲ ਵੀ ਗਵਾਉਣ ਲਈ ਕੁਝ ਨਹੀਂ ਹੁੰਦਾ। ਆਤਮਾ ਨੂੰ ਉੱਥੇ ਵੀ ਗਵਾਉਣ ਲਈ ਕੁਝ ਨਹੀਂ ਹੈ। - 368

ਘਾਤ, ਨੁਕਸਾਨ, ਖੋਣਾ, ਗਵਾਉਣਾ ਜਾਂ ਨਸ਼ਅ ਹੋਣਾ ਜੋ ਵੀ ਹੁੰਦਾ ਹੈ ਉਹ ਆਤਮਾ ਦੇ ਵਿਸ਼ੇ ਦਰਸ਼ਨ, ਗਿਆਨ, ਚਾਰਿੱਤਰ ਦਾ ਹੁੰਦਾ ਹੈ। ਦਰਸ਼ਨ, ਗਿਆਨ, ਚਾਰਿੱਤਰ ਕਿਉਂਕਿ ਪੁਦਗਲ ਦੇ ਵਿਸ਼ੇ ਨਹੀਂ ਹਨ, ਇਸ ਲਈ ਪੁਦਗਲ ਦਰੱਵ ਦੇ ਕਿਸੇ ਘਾਤ ਦਾ, ਪੁਦਗਲ ਦਰੱਵ ਦੇ ਕਿਸੇ ਲਾਭ ਜਾ ਹਾਨੀ ਦਾ ਕੋਈ ਪ੍ਰਸ਼ਨ ਹੀ ਨਹੀਂ ਹੈ। - 369

ਇਹ (ਦਰਸ਼ਨ, ਗਿਆਨ, ਚਾਰਿੱਤਰ) ਤਾਂ ਆਤਮਾ ਦੇ ਗੁਣ ਹਨ। ਇਹ ਪਰ ਦਰੱਵਾਂ ਵਿੱਚ ਨਹੀਂ ਹੁੰਦੇ। ਅਤੇ ਭੋਗ ਦੇ ਵਿਸ਼ੇ

ਕਿਉਂਕਿ ਇਨ੍ਹਾ ਪਰ ਦਰੱਵਾਂ ਨਾਲ ਜੁੜੇ ਹੋਏ ਹਨ, ਇਸ ਲਈ ਸੱਮਿਅਕ ਦ੍ਰਿਸ਼ਟੀ ਮਨੁੱਖ ਭੋਗ ਦੇ ਵਿਸ਼ਿਆਂ ਦੇ ਪ੍ਰਤੀ ਰਾਗ ਨਹੀਂ ਰੱਖਦਾ। - 370

ਰਾਗ, ਦਵੇਸ਼, ਮੋਹ ਆਤਮਾ ਦੇ ਹੀ ਹੋਰ ਭਾਵ ਹਨ। ਉਹ ਆਤਮਾ ਤੋਂ ਅਭਿੰਨ ਹਨ। ਇਸ ਲਈ ਇਹ ਸ਼ਬਦਾਂ ਆਦਿ (ਪੁਰਦਗਲ ਪਦਾਰਥਾਂ) ਵਿੱਚ ਨਹੀਂ ਹੁੰਦੇ। (ਉਹ ਤਾਂ ਚੇਤੰਨ ਦਾ ਸਿੱਟਾ ਹਨ)। - 371

ਇੱਕ ਦਰੱਵ ਤੋਂ ਦੂਸਰੇ ਦਰਵ ਦੇ ਗੁਣ ਨੂੰ ਉਤਪੰਨ ਨਹੀਂ ਕੀਤਾ ਜਾ ਸਕਦਾ। ਇਸ ਲਈ ਸਾਰੇ ਦਰੱਵ ਆਪਣੇ ਆਪ ਸਵੈ-ਭਾਵ ਤੋਂ ਪੈਦਾ ਹੁੰਦੇ ਹਨ। - 372

ਨਿੰਦਾ ਅਤੇ ਸਤੁਤੀ (ਤਾਰੀਫ਼) ਦੇ ਭਾਂਤ-ਭਾਂਤ ਦੇ ਵਚਨਾਂ ਤੋਂ ਪੁਦਗਲ ਵਰਗਨਾਵਾਂ ਪਰਿਨਮਨ ਕਰਦੀਆਂ ਹਨ। ਉਨ੍ਹਾਂ ਨੂੰ ਸੁਣ ਕੇ ਅਗਿਆਨੀ ਆਤਮਾ ਸਮਝਦੀ ਹੈ ਕਿ ਇਹ ਸਭ ਉਸ ਨੂੰ ਹੀ ਕਿਹਾ ਗਿਆ ਹੈ। ਇਸ ਲਈ ਨਾਰਾਜ਼ ਜਾਂ ਖ਼ੁਸ਼ ਹੁੰਦੀ ਹੈ। - 373

ਹੇ ਭੋਲੇ ਜੀਵ, ਸ਼ਬਦ ਵਿੱਚ ਬਦਲਿਆ ਹੋਇਆ ਪੁਦਗਲ ਦਰੱਵ ਦਾ ਗੁਣ ਤਾਂ ਪੁਦਗਲਮਈ ਹੈ, ਤੇਰੇ ਤੋਂ ਇਤਰ ਅਰਥਾਤ ਭਿੰਨ ਹੈ। ਇਸ ਲਈ ਜਦੋਂ ਤੈਨੂੰ ਕੁਝ ਕਿਹਾ ਹੀ ਨਹੀਂ ਗਿਆ ਹੈ ਤਾਂ ਤੂੰ ਕਿਉਂ ਨਾਰਾਜ਼ (ਜਾਂ ਖੁਸ਼) ਹੁੰਦਾ ਹੈਂ ? - 374

ਅਸ਼ੁਭ ਜਾਂ ਸ਼ੁਭ ਰੂਪ ਸ਼ਬਦ ਤੈਨੂੰ ਇਹ ਨਹੀਂ ਕਹਿੰਦਾ ਕਿ ਤੂੰ ਮੈਨੂੰ ਸੁਣ। ਫਿਰ ਕੰਨਾਂ ਵਿੱਚ ਪਹੁੰਚੇ ਹੋਏ ਸ਼ਬਦ ਨੂੰ ਗ੍ਰਹਿਣ ਕਰਨ ਦੇ ਲਈ ਆਤਮਾ ਵੀ ਭੱਜੀ ਨਹੀਂ ਆਉਂਦੀ। - 375

ਅਸ਼ੁਭ ਜਾਂ ਸ਼ੁਭ ਰੂਪ ਤੈਨੂੰ ਇਹ ਨਹੀਂ ਕਹਿੰਦਾ ਕਿ ਤੂੰ ਮੈਨੂੰ ਵੇਖ। ਫਿਰ ਅੱਖਾਂ ਵਿੱਚ ਪਹੁੰਚੇ ਹੋਏ ਰੂਪ ਨੂੰ ਗ੍ਰਹਿਣ ਕਰਨ ਦੇ ਲਈ ਆਤਮਾ ਵੀ ਭੱਜੀ ਨਹੀਂ ਆਉਂਦੀ। - 376

ਅਸ਼ੁਭ ਜਾਂ ਸ਼ੁਭ ਰੂਪ ਤੈਨੂੰ ਇਹ ਨਹੀਂ ਕਹਿੰਦਾ ਕਿ ਤੂੰ ਮੈਨੂੰ ਸੁੰਘ। ਫਿਰ ਨੱਕ ਵਿੱਚ ਪਹੁੰਚੀ ਹੋਈ ਗੰਧ ਨੂੰ ਗ੍ਰਹਿਣ ਕਰਨ ਦੇ ਲਈ ਆਤਮਾ ਵੀ ਭੱਜੀ ਨਹੀਂ ਆਉਂਦੀ। – 377

ਅਸ਼ੁਭ ਜਾਂ ਸ਼ੁਭ ਸੁਆਦ ਤੈਨੂੰ ਇਹ ਨਹੀਂ ਕਹਿੰਦਾ ਕਿ ਤੂੰ ਮੈਨੂੰ ਚੱਖ। ਫਿਰ ਜੀਭ 'ਤੇ ਪਹੁੰਚੇ ਹੋਏ ਸੁਆਦ ਨੂੰ ਗ੍ਰਹਿਣ ਕਰਨ ਦੇ ਲਈ ਆਤਮਾ ਵੀ ਭੱਜੀ ਨਹੀਂ ਆਉਂਦੀ। – 378

ਅਸ਼ੁਭ ਜਾਂ ਸ਼ੁਭ ਸਪਰਸ਼ ਤੈਨੂੰ ਇਹ ਨਹੀਂ ਕਹਿੰਦਾ ਕਿ ਤੂੰ ਮੈਨੂੰ ਛੂੰਹ। ਫਿਰ ਸਰੀਰ ਨੂੰ ਮਹਿਸੂਸ ਹੋਏ ਸਪਰਸ਼ ਨੂੰ ਗ੍ਰਹਿਣ ਕਰਨ ਦੇ ਲਈ ਆਤਮਾ ਵੀ ਭੱਜੀ ਨਹੀਂ ਆਉਂਦੀ। – 379

ਅਸ਼ੁਭ ਜਾਂ ਸ਼ੁਭ ਗੁਣ ਤੈਨੂੰ ਇਹ ਨਹੀਂ ਕਹਿੰਦਾ ਕਿ ਤੂੰ ਮੈਨੂੰ ਸਮਝ। ਫਿਰ ਬੁੱਧੀ ਵਿੱਚ ਪਹੁੰਚੇ ਹੋਏ ਗੁਣ ਗ੍ਰਹਿਣ ਕਰਨ ਦੇ ਲਈ ਆਤਮਾ ਵੀ ਭੱਜੀ ਨਹੀਂ ਆਉਂਦੀ। – 380

ਅਸ਼ੁਭ ਜਾਂ ਸ਼ੁਭ ਦਰੱਵ ਤੈਨੂੰ ਇਹ ਨਹੀਂ ਕਹਿੰਦਾ ਕਿ ਤੂੰ ਮੈਨੂੰ ਜਾਣ। ਫਿਰ ਬੁੱਧੀ ਵਿੱਚ ਪਹੁੰਚੇ ਹੋਏ ਦਰੱਵ ਨੂੰ ਗ੍ਰਹਿਣ ਕਰਨ ਦੇ ਲਈ ਆਤਮਾ ਵੀ ਭੱਜੀ ਨਹੀਂ ਆਉਂਦੀ। – 381

ਇਹ ਸਭ ਜਾਣਨ ਤੋਂ ਬਾਅਦ ਵੀ, ਹੇ ਮੂਰਖ ਜੀਵ, ਤੂੰ ਸ਼ਾਂਤੀ ਨਾਲ ਨਹੀਂ ਬੈਠਦਾ ਅਤੇ ਸੱਮਿਅਕ ਗਿਆਨ ਦੀ ਅਣਹੋਂਦ ਕਾਰਨ ਪਰਾਏ ਨੂੰ ਗ੍ਰਹਿਣ ਕਰਨ ਦਾ ਮਨ ਬਣਾਉਂਦਾ ਰਹਿੰਦਾ ਹੈਂ। – 382

ਭੂਤਕਾਲ ਵਿੱਚ ਕੀਤੇ ਅਨੇਕ ਵਿਸਥਾਰ ਵਾਲੇ ਭਿੰਨ-ਭਿੰਨ ਸ਼ੁਭ-ਅਸ਼ੁਭ ਕਰਮਾਂ ਤੋਂ ਜੋ ਆਤਮਾ ਆਪਣੇ ਆਪ ਨੂੰ ਵਿਰੱਕਤ ਕਰਦੀ ਹੈ, ਉਹ ਪ੍ਰਤੀਕਰਮਣ ਦਾ ਸਰੂਪ ਹੈ। – 383

ਭਵਿੱਖ ਵਿੱਚ ਜਿਸ ਭਾਵ ਦੇ ਕਾਰਨ ਸ਼ੁਭ ਅਸ਼ੁਭ ਕਰਮਾਂ ਦਾ ਬੰਧ ਹੋ ਸਕਦਾ ਹੈ ਉਸ ਭਾਵ ਤੋਂ ਜੋ ਆਤਮਾ ਵਿਰੱਕਤ ਹੈ ਉਹ ਪ੍ਰਤਿਖਿਆਨ ਦਾ ਸਰੂਪ ਹੈ। - 384

ਵਰਤਮਾਨ ਵਿੱਚ ਅਨੇਕ ਪ੍ਰਕਾਰ ਦੇ ਵਿਸਥਾਰ ਵਾਲੇ ਸ਼ੁਭ ਅਸ਼ੁਭ ਕਰਮਾਂ ਦੇ ਉਦੈ ਦੋਸ਼ 'ਤੇ ਜੋ ਆਤਮਾ ਚਿੰਤਨ ਕਰਦੀ ਹੈ, ਉਹ ਆਲੋਚਨਾ ਦੀ ਸਰੂਪ ਹੈ। - 385

ਜੋ ਆਤਮਾ ਨਿੱਤ ਪ੍ਰਤਿਕਰਮਣ, ਨਿੱਪ ਪ੍ਰਤਿਖਿਆਨ ਅਤੇ ਨਿੱਤ ਆਲੋਚਨਾ ਕਰਦੀ ਹੈ ਉਹੀ ਚਾਰਿੱਤਰ ਦਾ ਸਰੂਪ ਹੈ। - 386

ਜੋ ਆਤਮਾ ਕਰਮ ਫਲ ਨੂੰ ਭੋਗਦੀ ਹੋਈ ਉਸ ਨੂੰ (ਕਰਮ ਫਲ ਨੂੰ) ਆਪਣਾ ਬਣਾਉਂਦੀ ਹੈ (ਉਸ ਨੂੰ ਆਪਣੇ ਤੋਂ ਭਿੰਨ ਨਹੀਂ ਮੰਨਦੀ) ਉਹ ਦੁੱਖ ਦੇ ਬੀਜ ਅੱਠ ਪ੍ਰਕਾਰ ਦੇ (ਗਿਆਨਾਵਰਨੀ ਆਦਿ) ਕਰਮਾਂ ਦੇ ਬੰਧਨ ਵਿੱਚ ਫਿਰ ਕੈਦ ਹੋ ਜਾਂਦੀ ਹੈ। - 387

ਕਰਮ ਫਲ ਦਾ ਅਨੁਭਵ ਕਰਦੀ ਹੋਈ ਜੋ ਆਤਮਾ ਸੋਚਦੀ ਹੈ ਕਿ ਉਹ (ਕਰਮ ਫਲ) ਉਸ ਨੇ ਖੁਦ ਸੰਭਵ ਕੀਤਾ ਹੈ, ਉਹ ਦੁੱਖ ਦੇ ਅੱਠ ਪਕਾਰ ਦੇ ਦੇ ਕਰਮ ਬੰਧਨ ਵਿੱਚ ਫਿਰ ਬੰਨ੍ਹੀ ਜਾਂਦੀ ਹੈ। - 388

ਕਰਮ ਫਲ ਦਾ ਅਨੁਭਵ ਕਰਦੀ ਹੋਈ ਆਤਮਾ ਸੁਖੀ-ਦੁਖੀ ਹੁੰਦੀ ਹੈ ਉਹ ਦੁੱਖ ਦੇ ਬੀਜ ਅੱਠ ਪ੍ਰਕਾਰ ਦੇ ਕਰਮਾਂ ਦੇ ਬੰਧਨ ਵਿੱਚ ਫਿਰ ਬੰਨ੍ਹੀ ਜਾਦੀ ਹੈ। - 389

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਸ਼ਾਸਤਰ ਗਿਆਨ ਨਹੀਂ ਹੈ। ਸ਼ਾਸਤਰ ਕੁਝ ਨਹੀਂ ਜਾਣਦੇ। ਗਿਆਨ ਸ਼ਾਸਤਰਾਂ ਤੋਂ ਭਿੰਨ ਹੈ। - 390

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਸ਼ਬਦ ਗਿਆਨ ਨਹੀਂ ਹੈ, ਸ਼ਬਦ ਕੁਝ ਨਹੀਂ ਜਾਣਦਾ। ਗਿਆਨ ਸ਼ਬਦ ਤੋਂ ਭਿੰਨ ਹੈ। - 391

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਰੂਪ ਗਿਆਨ ਨਹੀਂ ਹੈ, ਰੂਪ ਕੁਝ ਨਹੀਂ ਜਾਣਦਾ। ਗਿਆਨ ਰੂਪ ਤੋਂ ਭਿੰਨ ਹੈ। - 392

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਵਰਣ (ਰੰਗ) ਗਿਆਨ ਨਹੀਂ ਹੈ, ਵਰਣ ਕੁਝ ਨਹੀਂ ਜਾਣਦਾ। ਗਿਆਨ ਵਰਣ ਤੋਂ ਭਿੰਨ ਹੈ। - 393

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਗੰਧ ਵੀ ਗਿਆਨ ਨਹੀਂ ਹੈ, ਗੰਧ ਕੁਝ ਨਹੀਂ ਜਾਣਦਾ। ਗਿਆਨ ਗੰਧ ਤੋਂ ਭਿੰਨ ਹੈ। - 394

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਰਸ ਵੀ ਗਿਆਨ ਨਹੀਂ ਹੈ, ਰਸ ਕੁਝ ਨਹੀਂ ਜਾਣਦਾ। ਗਿਆਨ ਰਸ ਤੋਂ ਭਿੰਨ ਹੈ। - 395

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਸਪਰਸ਼ ਵੀ ਗਿਆਨ ਨਹੀਂ ਹੈ, ਸਪਰਸ਼ ਕੁਝ ਨਹੀਂ ਜਾਣਦਾ। ਗਿਆਨ ਸਪਰਸ਼ ਤੋਂ ਭਿੰਨ ਹੈ। - 396

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਕਰਮ ਵੀ ਗਿਆਨ ਨਹੀਂ ਹੈ, ਕਰਮ ਕੁਝ ਨਹੀਂ ਜਾਣਦਾ। ਗਿਆਨ ਕਰਮ ਤੋਂ ਭਿੰਨ ਹੈ। - 397

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਧਰਮ ਦਰੱਵ ਵੀ ਗਿਆਨ ਨਹੀਂ ਹੈ, ਧਰਮ ਦਰੱਵ ਕੁਝ ਨਹੀਂ ਜਾਣਦਾ। ਗਿਆਨ ਧਰਮ ਦਰੱਵ ਤੋਂ ਭਿੰਨ ਹੈ। - 398

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਅਧਰਮ ਦਰੱਵ ਵੀ ਗਿਆਨ ਨਹੀਂ ਹੈ, ਅਧਰਮ ਦਰੱਵ ਕੁਝ ਨਹੀਂ ਜਾਣਦਾ। ਗਿਆਨ ਅਧਰਮ ਦਰੱਵ ਤੋਂ ਭਿੰਨ ਹੈ। - 399

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਕਾਲ ਦਰੱਵ ਗਿਆਨ ਨਹੀਂ ਹੈ, ਕਾਲ ਦਰੱਵ ਕੁਝ ਨਹੀਂ ਜਾਣਦਾ। ਗਿਆਨ ਕਾਲ ਦਰੱਵ ਤੋਂ ਭਿੰਨ ਹੈ। - 400

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਆਕਾਸ਼ ਦਰੱਵ ਵੀ ਗਿਆਨ ਨਹੀਂ ਹੈ, ਆਕਾਸ਼ ਦਰੱਵ ਕੁਝ ਨਹੀਂ ਜਾਣਦਾ। ਗਿਆਨ ਆਕਾਸ਼ ਦਰੱਵ ਤੋਂ ਭਿੰਨ ਹੈ। - 401

ਅਧਿਅਵਸਾਨ (ਵਿਚਾਰਿਕ ਗਤੀਵਿਧੀ/ਕਰਮ ਉਦੈ ਦੀ ਪ੍ਰਵਿਰਤੀ) ਵੀ ਗਿਆਨ ਨਹੀਂ ਹੈ। ਅਧਿਅਵਸਾਨ ਅਚੇਤਨ ਹੈ। ਉਹ ਕੁਝ ਨਹੀਂ ਜਾਣਦਾ। ਗਿਆਨ ਭਿੰਨ ਹੈ ਅਤੇ ਅਧਿਅਵਸਾਨ ਭਿੰਨ ਹੈ। - 402

ਆਤਮਾ ਨਿੱਤ ਗਿਆਤਾ ਹੈ। ਇਸ ਲਈ ਉਹ ਗਾਯਕ ਹੈ। ਇਹ ਸਮਝਣ ਦੀ ਗੱਲ ਹੈ ਕਿ ਗਿਆਨ ਗਾਯਕ ਤੋਂ ਭਿੰਨ ਨਹੀਂ ਹੁੰਦਾ। - 403

ਗਿਆਨੀ ਲੋਕ ਸਵੀਕਾਰ ਕਰਦੇ ਹਨ ਕਿ ਗਿਆਨ (ਆਤਮਾ) ਹੀ ਸੱਮਿਅਕ ਦ੍ਰਿਸ਼ਟੀ ਹੈ। ਗਿਆਨ ਹੀ ਸੰਜਮ ਹੈ। ਗਿਆਨ ਹੀ ਅੰਗ ਅਤੇ ਪਹਿਲਾਂ ਵਾਲਾ ਸੂਤਰ ਹੈ। ਗਿਆਨ ਹੀ ਧਰਮ ਹੈ। ਗਿਆਨ ਹੀ ਅਧਰਮ ਹੈ ਅਤੇ ਗਿਆਨ ਹੀ ਦੀਖਿਆ ਹੈ। - 404

ਆਤਮਾ ਅਮੂਰਤ ਹੈ। ਉਹ ਆਹਾਰਕ ਨਹੀਂ ਹੋ ਸਕਦੀ ਉਹ ਮੂਰਤਕ ਅਤੇ ਪੁਦਗਲ ਆਹਾਰ ਨੂੰ ਗ੍ਰਹਿਣ ਨਹੀਂ ਕਰ ਸਕਦੀ। - 405

ਆਤਮਾ ਦਾ ਪਰਿਨਿਮਿਤ ਤੋਂ ਪ੍ਰਾਪਤ ਜਾਂ ਸੁਭਾਵਿਕ ਕੋਈ ਅਜਿਹਾ ਗੁਣ ਨਹੀਂ ਹੈ ਕਿ ਪਰ ਦਰੱਵ ਨੂੰ ਗ੍ਰਹਿਣ ਕਰ ਸਕੇ ਜਾਂ ਉਸ ਨੂੰ ਛੱਡ ਸਕੇ। – 406

ਇਸ ਲਈ ਜੋ ਵਿਸ਼ੁੱਧ ਆਤਮਾ ਹੈ ਉਹ ਜੀਵ ਅਜੀਵ ਦਰੱਵਾਂ ਵਿੱਚੋਂ ਨਾ ਤਾਂ ਕਿਸੇ ਨੂੰ ਗ੍ਰਹਿਣ ਕਰਦੀ ਹੈ ਅਤੇ ਨਾ ਹੀ ਕਿਸੇ ਨੂੰ ਛੱਡਦੀ ਹੈ। – 407

ਬਨਾਵਟੀ ਸਾਧੂਆਂ ਜਾਂ ਗ੍ਰਹਿਸਥਾਂ ਦੇ ਜੋ ਅਨੇਕ ਪ੍ਰਕਾਰ ਦੇ ਬਾਹਰਲੇ ਚਿੰਨ੍ਹ ਜਾਂ ਭੇਖ ਹਨ ਉਨ੍ਹਾਂ ਨੂੰ ਧਾਰਣ ਕਰਕੇ ਅਗਿਆਨੀ ਲੋਕ ਸਮਝਦੇ ਹਨ ਕਿ ਇਸੇ ਨਾਲ ਹੀ ਮੋਕਸ਼ ਮਿਲ ਜਾਵੇਗਾ। – 408

ਬਾਹਰਲੇ ਚਿੰਨ੍ਹਾਂ ਵਿੱਚ ਮੋਕਸ਼ ਮਾਰਗ ਨਹੀਂ ਹੈ। ਅਰਿਹੰਤ ਦੇਵ ਤਾਂ ਦੇਹ ਦੇ ਪ੍ਰਤੀ ਵੀ ਮਮਤਾ ਨਹੀਂ ਰੱਖਦੇ। ਉਹ ਬਾਹਰਲੇ ਚਿੰਨ੍ਹਾਂ ਨੂੰ ਛੱਡ ਕੇ ਦਰਸ਼ਨ, ਗਿਆਨ, ਚਾਰਿੱਤਰ ਦੀ ਉਪਾਸਨਾ ਵਿੱਚ ਹੀ ਲੀਣ ਰਹਿੰਦੇ ਹਨ। – 409

ਪਾਖੰਡੀ ਸਾਧੂਆਂ ਅਤੇ ਗ੍ਰਹਿਸਥਾਂ ਦੇ ਚਿੰਨ੍ਹਾਂ ਨੂੰ ਧਾਰਨ ਕਰਨ ਵਿੱਚ ਮੋਕਸ਼ ਮਾਰਗ ਨਹੀਂ ਹੈ। ਜਿਨੇਂਦਰ ਭਗਵਾਨਾਂ ਨੇ ਦਰਸ਼ਨ, ਗਿਆਨ, ਚਾਰਿੱਤਰ ਨੂੰ ਹੀ ਮੋਕਸ਼ ਮਾਰਗ ਕਿਹਾ ਹੈ। – 410

ਇਸ ਲਈ ਜੇਕਰ ਤੁਸੀਂ ਗ੍ਰਹਿਸਥਾਂ, ਮੁਨੀਆਂ ਦਾ ਬਾਹਰਲੇ ਚਿੰਨ੍ਹਾਂ ਨੂੰ ਗ੍ਰਹਿਣ ਕਰੀਂ ਬੈਠੇ ਹੋ ਤਾਂ ਕ੍ਰਿਪਾ ਕਰਕੇ ਉਨ੍ਹਾਂ ਨੂੰ ਛੱਡ ਦਿਓ ਅਤੇ ਦਰਸ਼ਨ, ਗਿਆਨ, ਚਾਰਿੱਤਰ ਦੇ ਰੁਪ ਵਿੱਚ ਜੋ ਮੋਕਸ਼ ਦਾ ਮਾਰਗ ਹੈ ਉਸ 'ਤੇ ਆਪਣੀ ਆਤਮਾ ਨੂੰ ਚੱਲਣ ਦਿਓ। – 411

ਉਪਰੋਕਤ ਮੋਕਸ਼ ਮਾਰਗ ਵਿੱਚ ਹੀ ਤੁਸੀਂ ਆਪਣੇ ਆਪ ਨੂੰ ਸਥਿਤ ਕਰੋ। ਉਸੇ ਨੂੰ ਆਪਦੇ ਧਿਆਨ ਵਿੱਚ ਲਿਆਓ, ਉਸੇ ਨੂੰ ਆਪਣੇ ਅਨੁਭਵ ਦਾ ਵਿਸ਼ਾ ਬਣਾਓ ਅਤੇ ਲਗਾਤਾਰ ਇਸੇ ਮਾਰਗ 'ਤੇ ਚੱਲੋ। ਹੋਰ ਦਰੱਵਾਂ ਵਿੱਚ ਨਾ ਚੱਲੋ। – 412

ਜਿਨ੍ਹਾਂ ਦੀ ਮਮਤਾ ਪਾਖੰਡੀ ਸਾਧੂਆਂ ਦੇ ਬਾਹਰਲੇ ਲੱਛਣਾਂ ਜਾਂ ਗ੍ਰਹਿਸਥਾਂ ਦੇ ਕਈ ਤਰ੍ਹਾਂ ਦੇ ਬਾਹਰਲੇ ਲੱਛਣਾਂ ਵਿੱਚ ਹੈ, ਉਨ੍ਹਾਂ ਨੇ ਸਮੇਸਾਰ (ਸਿਧਾਂਤ ਦੇ ਸਾਰ) ਨੂੰ ਸਮਝਿਆ ਹੀ ਨਹੀਂ ਹੈ। – 413

ਵਿਵਹਾਰ ਨਯ ਤੋਂ ਮੁਨੀ ਅਤੇ ਸ਼ਾਵਕ ਦੇ ਬਾਹਰਲੇ ਲੱਛਣਾਂ ਵਾਲਾ ਦੋ ਪ੍ਰਕਾਰ ਦਾ ਮੋਕਸ਼ ਮਾਰਗ ਦੱਸਿਆ ਗਿਆ ਹੈ ਪਰ ਨਿਸ਼ਚੈ ਨਯ ਅਜਿਹੇ ਸਾਰੇ ਬਾਹਰਲੀ ਲੱਛਣਾਂ ਨੂੰ ਮੋਕਸ਼ ਮਾਰਗ ਵਿੱਚ ਸ਼ੁਭ ਨਹੀਂ ਮੰਨਦਾ। – 414

ਜੋ ਗਿਆਨੀ ਵਿਅਕਤੀ, ਜੋ ਭੱਵਯ ਆਤਮਾ ਇਹ ਸਮੇਸਾਰ ਪੜ੍ਹ ਕੇ, ਇਸ ਦੇ ਅਰਥ ਤੱਤਵ ਨੂੰ ਜਾਣ ਕੇ ਉਸ ਵਿੱਚ (ਅਰਥ ਤੱਤਵ ਵਿੱਚ) ਸਥਿਰ ਹੋ ਜਾਵੇਗਾ, ਉਸ ਨੂੰ ਪਰਮ ਸੁੱਖ ਦੀ ਪ੍ਰਾਪਤੀ ਹੋਵੇਗੀ। – 415

# ਖਾਸ ਸ਼ਬਦ

| | |
|---|---|
| ਅਧਿਆਵਸਾਨ : | ਮੋਹਨੀਆਂ ਕਰਮ ਦੇ ਉਦੈ ਤੋਂ ਉਤਪੰਨ ਹੋਣ ਵਾਲਾ ਮੋਹ, ਰਾਗ, ਦਵੇਸ਼, ਹਾਸਾ, ਰੋਣਾ ਆਦਿ ਭਾਵ। ਆਚਾਰਿਆ ਕੁੰਦਕੁੰਦ ਨੇ ਬੁੱਧੀ, ਵਿਉਪਾਰ, ਮਤੀ, ਵਿਗਿਆਨ, ਚਿੱਤ, ਭਾਵ ਅਤੇ ਪਰਿਨਾਮ ਨੂੰ ਸਮਾਨ ਅਰਥ ਵਾਲਾ ਆਖਿਆ ਹੈ। |
| ਅਭਵਯਜੀਵ | ਉਹ ਜੀਵ ਜਿਨ੍ਹਾਂ ਵਿੱਚ ਸੱਮਿਅਕ ਦਰਸ਼ਨ ਪ੍ਰਗਟ ਹੋਣ ਦੀ ਸੰਭਾਵਲਾ/ਯੋਗਤਾ ਨਾ ਹੋਵੇ। |
| ਅੰਤਰਆਤਮਾ ਵਿਅਕਤੀ | ਸਰੀਰ ਅਤੇ ਆਤਮਾ ਦੇ ਭੇਦ ਨੂੰ ਸਮਝਣ ਵਾਲਾ। ਆਤਮਾ ਨੂੰ ਹੀ ਮਹੱਤਵ ਦੇਣ ਵਾਲਾ। ਇਸ ਦੇ ਉਲਟ ਬਹਿਰਾਤਮਾ ਆਤਮਾ ਤੋਂ ਵਿਮੁੱਖ ਅਤੇ ਸਰੀਰ ਦੇ ਵੱਲ ਮੁੱਖ ਕਰਨ ਵਾਲਾ ਹੁੰਦਾ ਹੈ। ਸਰੀਰ ਅਤੇ ਆਤਮਾ ਦੇ ਭੇਦ ਤੋਂ ਅਣਜਾਣ ਉਹ ਸਰੀਰ ਨੂੰ ਹੀ ਆਤਮਾ ਸਮਝਦਾ ਹੈ। |
| ਅਨੰਤਚਤੁਸ਼ਟਯ | ਕੇਵਲੀ ਵਿੱਚ ਕੇਵਲ ਗਿਆਨ, ਕੇਵਲ ਦਰਸ਼ਨ, ਕੇਵਲ ਸੁੱਖ ਅਤੇ ਕੇਵਲ ਸ਼ਕਤੀ ਬੇਹੱਦ ਹੋਣ ਕਾਰਨ ਇਨ੍ਹਾਂ ਚਾਰਾਂ ਨੂੰ ਅਨੰਤਚਤੁਸ਼ਟਯ ਕਿਹਾ ਜਾਂਦਾ ਹੈ। |

| | |
|---|---|
| ਅਣੁਵਰਤ | ਹਿੰਸਾ, ਝੂਠਾ, ਚੋਰੀ, ਕੁਸ਼ੀਲ ਅਤੇ ਪਰਿਗ੍ਰਹਿ ਇਨ੍ਹਾਂ ਪੰਜ ਪਾਵਾਂ ਦਾ ਸਥੂਲ ਰੂਪ ਵਿੱਚ ਤਿਆਗ। |
| ਆਸ਼ਰਵ | ਕਰਮਾਂ ਦਾ ਆਉਣਾ ਜੋ ਸਾਡੇ ਮਨ, ਵਚਨ, ਕਾਇਆ ਦੀ ਅਸ਼ੁਭ ਵਿੱਚ ਲੱਗਣ ਕਾਰਨ ਹੁੰਦਾ ਹੈ। ਇਹ ਅਸ਼ੁਭ ਪ੍ਰਵਿਰਤੀ ਚਾਰ ਪ੍ਰਕਾਰ ਦੀ ਹੋ ਸਕਦੀ ਹੈ : ਮਿੱਥਿਆਤਵ (ਉਲਟ ਸ਼ਰਧਾ, ਅਤੱਤਵਾਂ ਦੇ ਪ੍ਰਤੀ ਸ਼ਰਧਾ), ਅਵਿਰਤੀ (ਚਾਰਿੱਤਰ ਗ੍ਰਹਿਣ ਦੀ ਪ੍ਰਵਿਰਤੀ ਦੀ ਘਾਟ), ਪ੍ਰਮਾਦ (ਚੰਗੇ ਕੰਮਾਂ ਤੋਂ ਮੂੰਹ ਮੋੜਨਾ, ਉਨ੍ਹਾਂ ਦੇ ਪ੍ਰਤੀ ਅਨਾਦਰ ਰੱਖਣਾ) ਅਤੇ ਕਸ਼ਾਏ (ਆਤਮਾ ਨੂੰ ਕਾਲਖ ਦੇਣ ਵਾਲੇ ਭਾਵ ਜਿਵੇਂ ਕ੍ਰੋਧ, ਮਾਣ, ਮਾਇਆ ਲੋਭ) |
| ਅੱਠ ਪ੍ਰਕਾਰ ਦੇ ਕਰਮ | ਗਿਆਨਾਵਰਨੀਆ, ਦਰਸ਼ਨਾਵਰਨੀਆ, ਮੋਹਨੀਆ ਤੇ ਅੰਤਰਾਏ ਅਤੇ ਵੇਦਨਾ, ਆਯੂ, ਨਾਮ ਅਤੇ ਗੋਤਰ। |
| ਆਰੰਭ | ਨੌਕਰੀ, ਖੇਤੀ, ਵਿਉਪਾਰ ਆਦਿ ਪਾਪ ਕਰਮਾਂ, ਪ੍ਰਾਣੀਆਂ ਨੂੰ ਦੁੱਖ ਪਹੁੰਚਾਉਣ ਵਾਲੇ ਛੋਟੇ ਪਰਿਗ੍ਰਹਿ। |
| ਆਲੋਚਨਾ | ਵਰਤਮਾਨ ਕਾਲ ਵਿੱਚ ਆਪਣੇ ਸ਼ੁਭ ਅਸ਼ੁਭ ਕਰਮਾਂ, ਦੋਸ਼ਾਂ ਨੂੰ ਗੁਰੂ ਦੇ ਸਾਹਮਣੇ ਪ੍ਰਗਟ ਕਰਨਾ। |

| | |
|---|---|
| ਉਪਾਦਾਨ ਕਾਰਨ | ਪੂਰਨ ਕਾਰਨ, ਮੁੱਖ ਕਾਰਨ, ਆਧਾਰਭੂਤ ਕਾਰਨ, ਉਪਾਦਾਨ ਕਾਰਨ ਦੇ ਬਿਨਾਂ ਕਰਮ ਹੋ ਹੀ ਨਹੀਂ ਸਕਦਾ। |
| ਉਪਯੋਗ | ਜੀਵ ਦੀ ਗਿਆਨ, ਦਰਸ਼ਨ ਸ਼ਕਤੀ ਦਾ ਕੰਮ ਰੂਪ ਵਿੱਚ ਬਦਲ ਜਾਣਾ। |
| ਕਸ਼ਾਏ | ਆਤਮਾ ਨੂੰ ਕਾਲਾ ਕਰਨ ਵਾਲਾ ਭਾਵ, ਕ੍ਰੋਧ, ਮਾਣ, ਮਾਇਆ ਲੋਭ ਆਦਿ। |
| ਕੇਵਲੀ | ਚਾਰ ਘਾਤੀਆ (ਗਿਆਲਾਵਰਨੀਆ, ਦਰਸ਼ਨਾਵਰਨੀਆ, ਮੋਹਨੀਆ ਅਤੇ ਅੰਤਰਾਏ) ਕਰਮਾਂ ਦੇ ਖ਼ਤਮ ਹੋਣ ਨਾਲ ਜਿਨ੍ਹਾਂ ਨੂੰ ਸੰਪੂਰਨ ਗਿਆਨ ਪ੍ਰਾਪਤ ਹੋ ਗਿਆ ਹੋਵੇ। |
| ਗੁਣਸਥਾਨ | ਮਨ, ਵਚਨ, ਕਾਇਆ ਦੀ ਵਿਰਤੀ ਦੇ ਕਾਰਨ ਆਤਮਾ ਦੇ ਅੰਦਰਲੇ ਪਰਿਨਾਮਾਂ ਅਰਥਾਤ ਭਾਵਾਂ ਵਿੱਚ ਪਲ-ਪਲ ਹਣ ਵਾਲੇ ਉਤਾਰ-ਚੜਾਅ ਦਾ ਨਾਮ ਗੁਣਸਥਾਨ ਹੈ। ਪਰਿਨਾਮ ਅਨੰਤਹਨ ਪਰ ਉਨ੍ਹਾਂ ਨੂੰ ਉਪਰਲੇ ਕ੍ਰਮ ਤੋਂ 14 ਗੁਣਸਥਾਨਾਂ ਵਿੱਚ ਵੰਡਿਆ ਗਿਆ ਹੈ। ਗੁਣਸਥਾਨ ਆਤਮ ਵਿਕਾਸ ਨੂੰ ਮਾਪਣ ਵਾਲਾ ਥਰਮਾਮੀਟਰ ਹੈ। |
| ਗ੍ਰਹਾ | ਗੁਰੂ ਦੇ ਸਾਹਮਣੇ ਆਪਣੇ ਦੋਸ਼ ਪ੍ਰਗਟ ਕਰਨਾ, ਉਨ੍ਹਾਂ ਨੂੰ ਸਵੀਕਾਰ ਕਰਨਾ। |

| | |
|---|---|
| ਗੁਪਤੀ | ਮਨ, ਵਚਨ, ਕਾਇਆ ਦੀ ਸਵਛੰਦਤਾ ਦਾ ਨਿਗ੍ਰਹਿ ਕਰਨਾ। ਮਨ, ਵਚਨ, ਕਾਇਆ ਦੀ ਸਵਛੰਦ ਪ੍ਰਵਿਰਤੀ ਤੋਂ ਆਤਮਾ ਦਾ ਗੋਪਨ ਅਰਥਾਤ ਰੱਖਿਆ ਕਰਨਾ। |
| ਗੁਣ (ਦਰੱਵਗੁਣ) | ਦਰੱਵ ਵਿੱਚ ਹਮੇਸ਼ਾ ਰਹਿਣ ਵਾਲੀ ਹੋਂਦ ਪ੍ਰਦੇਸ਼ਤੱਵ (ਆਕਾਰ) ਆਦਿ ਗੁਣ। ਗੁਣ ਨੂੰ ਦਰੱਵ ਤੋਂ ਵੱਖ ਨਹੀਂ ਕੀਤਾ ਜਾ ਸਕਦਾ। |
| ਗਿਆਨ (ਮਤਿ-ਸ਼ਰੁਤ) | ਸੱਮਿਅਕ ਗਿਆਨ ਦੇ ਪੰਜ ਭੇਦ ਹਨ - ਮਤਿਗਿਆਨ : ਪੰਜਾਂ ਇੰਦਰੀਆਂ ਅਤੇ ਮਨ ਦੀ ਸਹਾਇਤਾ ਨਾਲ ਹੋਣ ਵਾਲਾ ਗਿਆਨ। ਸ਼ਰੁਤ ਗਿਆਨ : ਬਿਦ ਗਿਆਨ/ਸ਼ਾਸਤਰ ਗਿਆਨ ਅਰਥਾਤ ਜਿਨੇਂਦਰ ਭਗਵਾਨ ਦੇ ਆਖੇ ਹੋਏ ਵਚਨਾਂ ਦੇ ਆਧਾਰ 'ਤੇ ਘਣਧਰ ਆਦਿ ਦੇ ਦੁਆਰਾ ਰਚੇ ਸ਼ਾਸਤਰਾਂ ਦਾ ਗਿਆਨ। ਅਵਧੀਗਿਆਨ : ਦਰੱਵ, ਖੇਤਰ, ਕਾਲ ਦੀ ਸੀਮਾ ਵਿੱਚ ਰਹਿੰਦੇ ਹੋਏ ਆਤਮਿਕ ਸ਼ਕਤੀ ਦੁਆਰਾ ਸਾਕਾਰ ਪਦਾਰਥਾਂ ਦਾ ਗਿਆਨ। ਮਨ ਪਰਿਯਯ ਗਿਆਨ : ਦੂਸਰੈ ਦੇ ਮਨ ਵਿੱਚ ਜੋ ਵੀ ਹੈ ਉਸ ਦਾ ਗਿਆਨ। ਕੇਵਲ ਗਿਆਨ : ਸਾਰੇ ਦਰੱਵਾਂ ਅਤੇ ਉਨ੍ਹਾਂ ਦੇ ਸਾਰੇ ਪਰਿਆਇਆਂ |

| | |
|---|---|
| | ਨੂੰ ਸ਼ੀਸ਼ੇ ਵਿੱਚ ਪਏ ਅਕਸ ਵਾਂਗ ਦੇਖਣ ਦਾ ਗਿਆਨ। |
| ਛੇ ਦਰੱਵ | ਜੀਵ (ਆਤਮਾ), ਪੁਦਗਲ (Matter), ਧਰਮ, ਅਧਰਮ, ਆਕਾਸ਼ ਅਤੇ ਕਾਲ |
| ਤਪ | ਇੰਦਰੀਆਂ ਦੇ ਵਿਸ਼ੇ ਦੀ ਪ੍ਰਵਿਰਤੀ ਨੂੰ ਰੋਕਣਾ, ਇੱਛਾਵਾਂ ਦਾ ਤਿਆਗ ਆਦਿ। ਕਰਮਾਂ ਦੇ ਖ਼ਾਤਮੇ ਦੀ ਜੀਵਨ ਸ਼ੈਲੀ। |
| ਧਾਰਣਾ | ਏਕਾਗਰਤਾ। |
| ਨੋਕਸ਼ਾਏ | ਥੋੜ੍ਹੇ/ਕਸ਼ਾਏ/ਨੋ ਕਸ਼ਾਏ ਦੇ ਨੌ ਪ੍ਰਕਾਰ ਹਨ : ਹਾਸਾ, ਰਤਿ, ਅਰਤਿ, ਸੋਗ, ਭੈਅ, ਜੁਗੁਪਸਾ, ਇਸਤਰੀਵੇਦ, ਪੁਰਸ਼ਵੇਦ, ਨਪੁੰਸਕ ਵੇਦ। |
| ਨੌ ਪਦਾਰਥ | ਜੀਵ, ਅਜੀਵ, ਆਸ਼ਰਵ, ਬੰਧ, ਸੰਵਰ, ਨਿਰਜਰਾ, ਮੋਕਸ਼, ਪੁੰਨ ਪਾਪ। |
| ਨਿਵਰਤੀ | ਬਾਹਰਲੇ ਪਦਾਰਥਾਂ ਤੋਂ ਨਿਰਲੇਪਤਾ। |
| ਨਿੰਦਾ | ਖੁਦ ਦੀ ਸਮੀਖਿਆ। |
| ਪਰਿਆਏ | ਦਰੱਵ ਦੀ ਪਰਿਨਮਨਸ਼ੀਲ ਅਵਸਥਾ। ਪਹਿਲੀ ਸਥਿਤੀ ਦਾ ਤਿਆਗ ਅਤੇ ਬਾਅਦ (ਉੱਤਰ) ਸਥਿਤੀ ਨੂੰ ਗ੍ਰਹਿਣ ਕਰਨਾ। ਦਰੱਵ ਦਾ ਗੁਣ ਨਹੀਂ ਬਦਲ ਸਕਦਾ। ਪਰਿਆਇ (ਅਵਸਥਾ) ਬਦਲਦੀ ਹੈ। |

| | |
|---|---|
| ਪ੍ਰਤੀਕ੍ਰਮਨ | ਪਹਿਲਾ ਹੋਈਆਂ ਗਲਤੀਆਂ ਨੂੰ ਠੀਕ ਕਰਨ ਲਈ ਪ੍ਰਾਸ਼ਚਿਤ, ਪਸ਼ਚਾਤਾਪ ਕਰਨਾ। |
| ਪ੍ਰਤਿਖਿਆਨ | ਭਵਿੱਖ ਵਿੱਚ ਭੁੱਲ ਨਾ ਕਰਨ ਦੀ ਪ੍ਰਤਿੱਗਿਆ ਕਰਨਾ। |
| ਪ੍ਰਤੀਸਰਣ | ਚੰਗੇ ਦੀ ਤਲਾਸ਼, ਉਸ ਉੱਪਰ ਚੱਲਣਾ। |
| ਪਰਿਹਾਰ | ਪ੍ਰਾਸ਼ਚਿਤ ਦੀ ਇੱਕ ਕਿਸਮ, ਜਿਸ ਵਿੱਚ ਨਿਸ਼ਚਿਤ ਸਮੇਂ ਦੇ ਲਈ (ਸਾਧ) ਸੰਘ ਤੋਂ ਦੂਰੀ ਬਣਾ ਕੇ ਰਹਿੰਦਾ ਹੁੰਦਾ ਹੈ। |
| ਵਿਵਹਾਰ-ਨਿਸ਼ਚੈ ਨਯ | ਨਯ ਜਾਣਕਾਰੀ ਦਾ ਇੱਕ ਸਾਧਨ ਹੈ। ਇਸ ਲਈ ਉਸ ਨੂੰ ਗਿਆਨ ਅੰਸ਼ ਕਿਹਾ ਜਾਂਦਾ ਹੈ। ਨਯ ਰਾਹੀਂ ਵਸਤੂ ਦਾ ਜੋ ਇੱਕ ਅੰਸ਼ ਦਾ ਗਿਆਨ ਹੁੰਦਾ ਭਾਵੇਂ ਉਹ ਸੰਪੂਰਨ ਨਹੀਂ ਹੁੰਦਾ ਫਿਰ ਵੀ ਉਹ ਸੰਪੂਰਨ ਦੇ ਨਾਲ ਵਸਤੂ ਨੂੰ ਜਾਣਨ ਦਾ ਇੱਕ ਕਦਮ (ਚਰਨ) ਹੈ।<br>ਸਾਪੇਖ, ਸਭੇਦ ਅਤੇ ਉਪਚਾਰ ਤੋਂ ਵਸਤੂ ਦਾ / ਵਿਸ਼ੇ ਦਾ ਵਿਚਾਰ ਕਰਨ ਦੀ ਵਿਧੀ ਵਿਵਹਾਰ ਨਯ ਹੈ। ਉਹ ਪਰਿਆਏ-ਪਰਿਆਈ, ਗੁਣ-ਗੁਣੀ ਵਿੱਚ ਭੇਦ ਕਰਦਾ ਹੋਇਆ ਵਸਤੂ/ਵਿਸ਼ੇ ਦਾ ਗਿਆਨ ਕਰਾਉਂਦਾ ਹੈ। ਵਿਵਹਾਰ ਨਯ ਕਿਸੇ ਵੀ ਦਰੱਵ ਨੂੰ ਦੂਸਰੇ ਦਰੱਵ ਨਾਲ ਸਬੰਧਤ ਜਾਂ ਆਸਰਾ ਦਿਖਾਉਂਦਾ ਹੈ। |

| | |
|---|---|
| | ਇਸ ਲਈ ਉਹ ਅਸ਼ੁੱਧ ਨਯ ਵੀ ਅਖਵਾਉਂਦਾ ਹੈ। |
| | ਇਸ ਦੇ ਉਲਟ ਨਿਸ਼ਚੈ ਨਯ ਨਿਰਪੱਖ, ਅਭੇਦ ਅਤੇ ਅਣ-ਉਪਚਾਰ ਤੋਂ ਵਸਤੂ ਦਾ/ਵਿਸ਼ੇ ਦਾ ਵਿਚਾਰ ਕਰਨ ਵਾਲਾ ਢੰਗ ਹੈ। ਉਹ ਪਰਿਆਏ-ਪਰਿਆਈ, ਗੁਣ-ਗੁਣੀ ਦਾ ਭੇਦ ਕੀਤੇ ਬਿਨਾਂ ਵਸਤੂ/ਵਿਸ਼ੇ ਦਾ ਗਿਆਨ ਕਰਾਉਂਦੀ ਹੈ। ਨਿਸ਼ਚੈ ਨਯ ਕਿਸੇ ਵੀ ਦਰੱਵ ਨੂੰ ਸ਼ੁੱਧ ਰੂਪ ਵਿੱਚ ਦਿਖਾਉਂਦਾ ਹੈ। ਇਸ ਲਈ ਸ਼ੁੱਧ ਨਯ ਅਖਵਾਉਂਦਾ ਹੈ। |
| ਵਰਤ | ਪ੍ਰਤਿੱਗਿਆ ਕਰਕੇ ਨਿਯਮ ਲੈਣਾ, ਪਾਪਾਂ ਦਾ ਤਿਆਗ। |
| ਸ਼ੀਲ | ਵਰਤਾਂ ਦੀ ਰੱਖਿਆ ਕਰਨ ਵਾਲਾ ਆਚਰਨ। ਉਦਾਹਰਨ ਦੇ ਲਈ ਅਹਿੰਸਾ ਆਦਿ ਵਰਤ ਹੈ। ਉਸ ਦੇ ਪਾਲਣ ਦੇ ਲਈ ਕ੍ਰੋਧ ਆਦਿ ਦਾ ਤਿਆਗ ਕਰਨਾ ਸ਼ੀਲ ਹੈ। ਤਿੰਨ ਗੁਣ ਵਰਤ ਅਤੇ ਚਾਰ ਸਿੱਖਿਆ ਵਰਤ ਸ਼ੀਲ ਅਖਵਾਉਂਦੇ ਹਨ। |
| ਸ਼੍ਰਮਣ | ਜੈਨ ਮੁਨੀ, ਯਤਿ, ਰਿਸ਼ੀ, ਅਨਗਾਰ। |
| ਸ਼੍ਰਾਵਕ | ਜੈਨ ਗ੍ਰਿਹਿਸਥ। |
| | ਵਿਵਕੇ ਗਿਆਨ ਸੰਪੰਨ ਵਿਰਕਤ ਚਿੱਤ। |
| ਸ਼ਟਕਾਯ ਜੀਵ | ਸਥਾਵਰ ਜੀਵ ਦੇ ਪੰਜ (ਪ੍ਰਿਥਵੀ, ਪਾਣੀ, ਅੱਗ, ਹਵਾ ਅਤੇ ਵਨਸਪਤੀ ਕਾਇਆ) |

| | |
|---|---|
| | ਭੇਦ ਅਤੇ ਤਰੱਸ (ਹਿੱਲਣ ਚੱਲਣ ਵਾਲੇ ਜੀਵ)। ਇਸ ਤਰ੍ਹਾਂ ਛੇ ਕਾਇਆ ਦੇ ਜੀਵ ਹਨ। |
| ਸਮਿਤੀ | ਚੱਲਣ ਫਿਰਨ, ਬੋਲਣ, ਭੋਜਨ ਕਰਨ ਆਦਿ ਜੀਵਨ ਦੇ ਸਾਰੇ ਵਿਵਹਾਰਾ ਨੂੰ ਜੀਵ ਰੱਖਿਆ ਦਾ ਧਿਆਨ ਰੱਖਦੇ ਹੋਏ ਭਲੀ-ਭਾਂਤ ਸੰਪੰਨ ਕਰਨਾ। |
| ਸੱਤ ਭੈਅ | ਇਹਲੋਕ, ਪਰਲੋਕ, ਅਰੱਖਿਆ, ਅਗੁਪਤੀ, ਮਰਨ, ਵੇਦਲਾ ਅਤੇ ਆਕਸਮਿਕ (ਅਚਾਨਕ) ਇਹ ਸੱਤ ਭੈਅ ਹਨ। |
| ਸਵੈ-ਪਰ | ਸਵੈ ਭਾਵ ਆਤਮਾ। ਇਸ ਦੇ ਉਲਟ ਜੋ ਆਤਮਾ ਤੋਂ ਇਤਰ ਹੈ ਉਹ ਪਰ ਹੈ। ਸਵੈ ਭਾਵ ਅੰਦਰਲਾ। ਪਰ ਅਰਥਾ ਬਾਹਰਲਾ। |
| ਸਕੰਧ | ਪਰਮਾਣੂਆਂ ਦਾ ਆਪਸੀ ਬੰਧਨ ਰੂਪ। ਪਰਮਾਣੂ ਦੀ ਇਸ ਰਚਨਾ ਅਰਥਾਤ ਸਕੰਧਨ ਕਿ ਉਸਦਾ ਮੋਟਾ ਰੂਪ ਪਕੜਨਾ, ਰੱਖਣਾ ਸੰਭਵ ਹੋ ਜਾਵੇ। |
| ਸਕੰਧ ਦੇ ਭੇਦ | |
| 1 | ਬਾਦਰ ਬਾਦਰ - ਜੋ ਟੁੱਟ ਕੇ ਖੁਦ ਨਾ ਜੁੜੇ। ਜਿਵੇਂ ਪੱਥਰ, ਕੱਪੜਾ। |
| 2 | ਬਾਦਰ - ਜੋ ਟੁੱਟ ਕੇ ਜੁੜ ਸਕੇ। ਜਿਵੇਂ ਪਾਣੀ, ਪਾਰਾ। |

| | |
|---|---|
| 3. | ਬਾਦਰ ਸੂਖਮ - ਦਿਖੇ ਪਰ ਪਕੜ ਵਿੱਚ ਨਾ ਆਵੇ। ਜਿਵੇਂ ਪ੍ਰਕਾਸ਼, ਛਾਇਆ। |
| 4. | ਸੂਖਮਬਾਦਰ - ਦਿਖੇ ਨਹੀਂ, ਪਰ ਹੋਰ ਇੰਦਰੀਆਂ ਰਾਹੀਂ ਅਨੁਭਵ ਹੋਵੇ। ਜਿਵੇਂ ਹਵਾ, ਗੰਧ। |
| 5 | ਸੂਖਮ - ਜੋ ਕਿਸੇ ਵੀ ਇੰਦਰੀਆਂ ਦਾ ਵਿਸ਼ਾ ਨਾ ਹੋਵੇ। ਜਿਵੇਂ ਕਾਰਮਣ ਸਰੀਰ। |
| 6 | ਸੂਖਮ ਸੂਖਮ - ਬਹੁਤ ਸੂਖਮ। ਜਿਵੇਂ ਦੋ ਅਣੂਆਂ ਦਾ ਮੇਲ। |